
People's Herald
People's Herald



# "ਇਕੁਐਲਿਟੀ ਐਂਡ ਜਸਟਿਸ"

Rs- 100/month

https://www.facebook.com/profile.php?id=161037521061610

ਪਟਿਆਲਾ



"Equality and Justice"

स्वतंत्रता, समानता, भाईचारा

PATIALA On line paper 24 ਅਗਸਤ 2025 ਐਤਵਾਰ "ਰੋਜ਼ਾਨਾ" ਪੰਜਵਾਂ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਕਰਨਾਟਕ ਦੇ ਵਿਧਾਇਕ 'ਤੇ ਈਡੀ ਦੇ ਛਾਪਿਆਂ ਤੋਂ ਆਨਲਾਈਨ ਸੱਟੇਬਾਜ਼ੀ ਨੈੱਟਵਰਕ ਦਾ ਹੋਇਆ ਖੁਲਾਸਾ, ਗਹਿਣੇ ਅਤੇ ਗੱਡੀਆਂ ਜਬਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com



"ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਬੰਗਲੁਰੂ ਜ਼ੋਨਲ ਦਫ਼ਤਰ ਨੇ ਸ਼ੁੱਕਰਵਾਰ ਨੂੰ ਚਿੱਤਰਦੁਰਗਾ ਸ਼ਹਿਰ ਦੇ ਵਿਧਾਇਕ ਕੇਸੀ ਵੀਰੇਂਦਰ ਅਤੇ ਹੋਰਾਂ ਦੇ ਸਬੰਧ ਵਿੱਚ 30 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ, ਜਿਸ ਵਿੱਚ ਚਿੱਤਰਦੁਰਗਾ ਜ਼ਿਲ੍ਹੇ ਵਿੱਚ ਛੇ, ਬੈਂਗਲੁਰੂ ਵਿੱਚ 10, ਜੋਧਪੁਰ ਵਿੱਚ ਤਿੰਨ, ਹੁਬਲੀ ਵਿੱਚ ਇੱਕ, ਮੁੰਬਈ ਵਿੱਚ ਦੋ ਅਤੇ ਗੋਆ ਵਿੱਚ ਅੱਠ ਸ਼ਾਮਲ ਹਨ। ਗੋਆ ਦੇ ਟਿਕਾਣਿਆਂ ਵਿੱਚ ਪੰਜ ਕੈਸੀਨੋ ਸ਼ਾਮਲ ਸਨ - ਪਪੀ'ਜ਼ ਕੈਸੀਨੋ ਗੋਲਡ, ਓਸ਼ੀਅਨ ਰਿਵਰਸ ਕੈਸੀਨੋ, ਪਪੀ'ਜ਼ ਕੈਸੀਨੋ ਪ੍ਰਾਈਡ, ਓਸ਼ੀਅਨ 7 ਕੈਸੀਨੋ ਅਤੇ ਬਿਗ ਡੈਡੀ ਕੈਸੀਨੋ," ਬਿਆਨ ਵਿੱਚ ਕਿਹਾ ਗਿਆ ਹੈ। "ਇਹ ਤਲਾਸ਼ੀਆਂ ਗੈਰ-ਕਾਨੂੰਨੀ ਔਨਲਾਈਨ ਅਤੇ ਔਫਲਾਈਨ ਸੱਟੇਬਾਜ਼ੀ ਨਾਲ ਸਬੰਧਤ ਇੱਕ ਮਾਮਲੇ ਦੇ ਸਬੰਧ ਵਿੱਚ ਕੀਤੀਆਂ ਗਈਆਂ ਸਨ।"

ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਕਿੰਗ567, ਰਾਜਾ567, ਪਪੀ'ਜ਼003, ਅਤੇ ਰਤਨਾ ਗੇਮਿੰਗ ਵਰਗੇ ਨਾਵਾਂ ਹੇਠ ਕਈ ਔਨਲਾਈਨ ਸੱਟੇਬਾਜ਼ੀ ਸਾਈਟਾਂ ਚਲਾ ਰਿਹਾ ਸੀ। ਇਸ ਤੋਂ ਇਲਾਵਾ, ਦੋਸ਼ੀ ਦਾ ਭਰਾ, ਕੇ.ਸੀ. ਥਿੱਪੇਸਵਾਮੀ, ਦੁਬਈ ਤੋਂ ਤਿੰਨ ਕਾਰੋਬਾਰੀ ਸੰਸਥਾਵਾਂ ਚਲਾ ਰਿਹਾ ਹੈ - ਡਾਇਮੰਡ ਸਾਫਟੈਕ, ਟੀ.ਆਰ. ਐਸ. ਟੈਕਨਾਲੋਜੀਜ਼, ਅਤੇ ਪ੍ਰਾਈਮ9 ਟੈਕਨਾਲੋਜੀਜ਼ - ਜੋ ਕੇ.ਸੀ. ਵੀਰੇਂਦਰ ਦੀਆਂ ਕਾਲ ਸੈਂਟਰ ਸੇਵਾਵਾਂ ਅਤੇ ਗੇਮਿੰਗ ਓਪਰੇਸ਼ਨਾਂ ਨਾਲ ਜੁੜੀਆਂ ਹੋਈਆਂ ਹਨ, "ਈਡੀ ਨੇ ਕਿਹਾ।

ਛਾਪਿਆਂ ਦੌਰਾਨ, ਬੈਂਗਲੁਰੂ ਦੇ ਰਾਜਾਰਾਜੇਸ਼ਵਰੀਨਗਰ ਤੋਂ ਕਾਂਗਰਸ ਨੇਤਾ ਕੁਸੁਮਾ ਐਚ ਦੇ ਭਰਾ ਅਨਿਲ ਗੌੜਾ ਨੂੰ ਵੀ ਕਵਰ ਕੀਤਾ ਗਿਆ। ਰਾਜਾਰਾਜੇਸ਼ਵਰੀਨਗਰ ਵਿੱਚ ਇੱਕ ਰਿਹਾਇਸ਼ 'ਤੇ ਛਾਪਾ ਮਾਰਿਆ ਗਿਆ। 2016 ਵਿੱਚ, ਜਦੋਂ ਵੀਰੇਂਦਰ ਜੇ.ਡੀ. (ਐਸ) ਦਾ ਮੈਂਬਰ ਸੀ, ਤਾਂ ਆਮਦਨ ਕਰ ਵਿਭਾਗ ਵੱਲੋਂ ਕਥਿਤ ਤੌਰ 'ਤੇ ਉਸਦੇ ਬਾਥਰੂਮ ਵਿੱਚ ਇੱਕ ਗੁਪਤ ਚੈਂਬਰ ਦੇ ਅੰਦਰ ਛੁਪਾਈ ਗਈ 5.7 ਕਰੋੜ ਰੁਪਏ ਦੀ ਨਵੀਂ ਕਰੰਸੀ ਬਰਾਮਦ ਕਰਨ ਤੋਂ ਬਾਅਦ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਧਿਕਾਰੀਆਂ ਨੂੰ ਚੱਲਕੇਰੇ ਸ਼ਹਿਰ ਵਿੱਚ ਉਸਦੇ ਘਰ 'ਤੇ ਬਾਥਰੂਮ ਦੀਆਂ ਟਾਈਲਾਂ ਦੇ ਪਿੱਛੇ ਛੁਪੇ ਹੋਏ 90 ਲੱਖ ਰੁਪਏ ਦੇ ਪੁਰਾਣੇ ਕਰੰਸੀ ਨੋਟਾਂ ਦੇ ਨਾਲ 32 ਕਿਲੋਗ੍ਰਾਮ ਸੋਨੇ ਦੇ ਬਿਸਕੁਟ ਅਤੇ ਗਹਿਣੇ ਵੀ ਮਿਲੇ।

## ਕੀ ਪੰਥਕ ਵੋਟਾਂ ਅਤੇ ਦਲਿਤ ਵਰਗ ਨੂੰ ਆਪਣੀ ਪਾਰਟੀ ਨਾਲ ਜੋੜਨ ਵਿੱਚ ਸਫਲ ਹੋਣਗੇ ਗਿਆਨੀ ਹਰਪ੍ਰੀਤ ਸਿੰਘ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਜਦੋਂ ਤੋਂ ਨਵੇਂ ਅਕਾਲੀ ਦਲ ਦਾ ਗਠਨ ਹੋਇਆ ਹੈ, ਉਦੋਂ ਤੋਂ ਇਸ ਦਲ ਦੇ ਭਵਿੱਖ ਸਬੰਧੀ ਵੱਖ ਵੱਖ ਅੰਦਾਜੇ ਲਗਾਏ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਇਸ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਲਤ ਭਾਈਚਾਰੇ ਨਾਲ ਸਬੰਧ ਰਖਦੇ ਹਨ। ਅਕਾਲੀ ਦਲ ਬਾਦਲ ਦੇ ਕਈ ਆਗੂ ਵੀ ਕਈ ਵਾਰ ਜਨਤਕ ਤੌਰ ਤੇ ਗਿਆਨੀ ਹਰਪ੍ਰੀਤ ਸਿੰਘ ਦੀ ਜਾਤੀ ਬਾਰੇ ਬਿਆਨ ਦੇ ਚੁੱਕੇ ਹਨ। ਭਾਵੇਂ ਕਿ ਅਜਿਹੇ ਜਾਤੀ ਸੂਚਕ ਬਿਆਨਾਂ ਨੂੰ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਾਰਟੀ ਉਪਰ ਲੰਬੇ ਸਮੇਂ ਤੋਂ ਜੱਟ ਸਿੱਖਾਂ ਦਾ ਕਬਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਉੱਪਰ ਵੀ ਅਕਾਲੀ ਦਲ ਬਾਦਲ ਦਾ ਪ੍ਰਭਾਵ ਹੋਣ ਕਰਕੇ ਉਥੇ ਵੀ ਜੱਟ ਸਿੱਖ ਭਾਰੂ ਦਸੇ ਜਾਂਦੇ ਹਨ। ਸ਼ਾਇਦ ਇਸੇ ਕਾਰਨ ਹੀ ਪੰਜਾਬ ਦਾ ਦਲਿਤ ਵਰਗ ਅਕਾਲੀ ਦਲ ਤੋਂ ਦੂਰ ਚਲਾ ਗਿਆ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਦਲਿਤ ਗੁਰਦੁਆਰੇ ਜਾਣ ਦੀ ਥਾਂ ਡੇਰਿਆ ਦੀ ਸ਼ਰਨ ਵਿੱਚ ਪਹੁੰਚ ਗਏ।

ਹੁਣ ਦਿਲਿਤ ਭਾਈਚਾਰੇ ਤੋਂ ਆਏ ਭਾਈ ਹਰਪ੍ਰੀਤ ਸਿੰਘ ਦੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਣਨ ਨਾਲ ਦਲਿਤ ਵਰਗ ਨੂੰ ਮਹਿਸੂਸ ਹੋਣ ਲੱਗ ਪਿਆ ਹੈ ਕਿ ਅਕਾਲੀ ਦਲ ਵਿੱਚ ਉਹਨਾਂ ਨੂੰ ਵੀ ਮਾਨਤਾ ਮਿਲ ਰਹੀ ਹੈ। ਭਾਈ ਹਰਪ੍ਰੀਤ ਸਿੰਘ ਵੱਲੋਂ ਵੀ ਪੰਜਾਬ ਦੇ ਦਲਿਤ ਵਰਗ ਨੂੰ ਆਪਣੇ ਨਵੇਂ ਦਲ ਨਾਲ ਜੋੜਨ ਲਈ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਉਹਨਾਂ ਦਾ ਦਲ ਮਜਬੂਤ ਹੋ ਸਕੇ।

ਬਾਦਲ ਦਲ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀ ਪੂਰੀ ਵਿਰੋਧਤਾ ਕੀਤੀ ਜਾ ਰਹੀ ਹੈ। ਬਾਦਲ ਦਲ ਵੱਲੋਂ ਇਸ ਵਿਰੋਧਤਾ ਪਿੱਛੇ ਇੱਕ ਵੱਡਾ ਕਾਰਨ ਗਿਆਨੀ ਹਰਪ੍ਰੀਤ ਸਿੰਘ ਦੀ ਵਧਦੀ ਲੋਕਪ੍ਰਿਅਤਾ ਅਤੇ ਉਹਨਾਂ ਦੀ ਨਿਰਪੱਖ ਛਵੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰ ਵਜੋਂ ਕਈ ਵਿਵਾਦਾਂ ਵਿੱਚ ਨਿਰਪੱਖ ਫ਼ੈਸਲੇ ਲਏ ਹਨ, ਜਿਵੇਂ ਕਿ ਬਾਦਲ ਦਲ ਦੇ ਗੁਨਾਹਗਾਰ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕਰਨਾ ਅਤੇ ਪੰਥਕ ਮਸਲਿਆਂ ਤੇ ਤਿੱਖੇ ਬਿਆਨ ਦੇਣਾ। ਇਸ ਨਾਲ ਬਾਦਲ ਦਲ ਨੂੰ ਡਰ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨਵੇਂ ਧੜੇ ਨੂੰ ਮਜ਼ਬੂਤ ਕਰ ਕੇ ਅਕਾਲੀ ਦਲ ਦੇ ਪੁਰਾਣੇ ਵੋਟ ਬੈਂਕ ਖਾਸ ਕਰਕੇ ਦਲਿਤ ਅਤੇ ਪੰਥਕ ਵਰਗ ਨੂੰ ਤੋੜ ਸਕਦੇ ਹਨ।

ਗਿਆਨੀ ਰਘਬੀਰ ਸਿੰਘ, ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਹਨ, ਨੇ ਗਿਆਨੀ ਹਰਪ੍ਰੀਤ ਸਿੰਘ ਦੇ ਸਿਆਸਤ ਵਿੱਚ ਆਉਣ ਨੂੰ ਗਲਤ ਠਹਿਰਾਇਆ ਹੈ। ਉਹਨਾਂ ਨੇ ਕਿਹਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਤੋਂ ਵੱਡੀ ਕੋਈ ਸੇਵਾ ਨਹੀਂ ਅਤੇ ਇਸ ਨੂੰ ਛੱਡ ਕੇ ਕਿਸੇ ਹੋਰ ਦੀ ਚਾਕਰੀ ਵਿੱਚ ਜਾਣਾ ਠੀਕ ਨਹੀਂ। ਪਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਇਤਰਾਜ਼ ਦਾ ਤਿੱਖਾ ਜਵਾਬ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਉਹ ਗੁਰੂ ਦੀ ਸੇਵਾ ਛੱਡ ਕੇ ਕੋਈ ਵਪਾਰ ਜਾਂ ਨਿੱਜੀ ਕੰਮ ਨਹੀਂ ਕਰ ਰਹੇ, ਹੋਟਲ ਨਹੀਂ ਖੋਲ੍ਹ ਰਹੇ, ਬਲਕਿ ਪੰਥ ਅਤੇ ਕੌਮ ਦੀ ਸੇਵਾ ਲਈ ਸਿਆਸਤ ਵਿੱਚ ਆਏ ਹਨ। ਉਹਨਾਂ ਕਿਹਾ ਹੈ ਕਿ ਜੇ ਵਿਅਕਤੀ ਦੀ ਸੇਵਾ ਵੱਡੀ ਹੁੰਦੀ ਤਾਂ ਉਹ ਅੱਜ ਵੀ ਜਥੇਦਾਰੀ ਕਰਦੇ ਹੁੰਦੇ ਪਰ ਪੰਥ ਦੀ ਸੇਵਾ ਉੱਥੇ ਵੀ ਕੀਤੀ ਅਤੇ



ਇੱਥੇ ਵੀ ਕਰਨੀ ਹੈ। ਉਹਨਾਂ ਇਹ ਵੀ ਕਿਹਾ ਹੈ ਕਿ ਉਹ ਨਾ ਮੰਤਰੀ ਬਣਨਾ ਚਾਹੁੰਦੇ ਹਨ ਨਾ ਮੁੱਖ ਮੰਤਰੀ, ਸਿਰਫ਼ ਪੰਥ ਦੀ ਸੇਵਾ ਕਰਨੀ ਹੈ ਜਿੰਨੀ ਅਕਾਲ ਪੁਰਖ ਨੇ ਲਿਖੀ ਹੈ।

ਗਿਆਨੀ ਹਰਪ੍ਰੀਤ ਸਿੰਘ ਵਾਲੇ ਦਲ ਅਤੇ ਬਾਦਲ ਦਲ ਦੇ ਆਗੂਆਂ ਵਿਚਾਲੇ ਵਿਵਾਦ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ, ਜੋ ਕਿ ਮੰਦਭਾਗਾ ਹੈ। ਦੂਜੇ ਪਾਸੇ ਆਪਣੇ ਦਲ ਨੂੰ ਮਜਬੂਤ ਕਰਨ ਲਈ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਾਰਾਜ਼ ਟਕਸਾਲੀ ਅਕਾਲੀ ਵਰਕਰਾਂ, ਪੰਥਕ ਵੋਟਾਂ ਅਤੇ ਦਲਿਤ ਵਰਗ ਨਾਲ ਤਾਲਮੇਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਇਹਨਾਂ ਸਭ ਦਾ ਸਹਿਯੋਗ ਲਿਆ ਜਾ ਸਕੇ। ਗਿਆਨੀ ਹਰਪ੍ਰੀਤ ਸਿੰਘ ਇਹਨਾਂ ਯਤਨਾਂ ਵਿੱਚ ਕਿੰਨੇ ਕੁ ਸਫਲ ਹੁੰਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

## ਅਸਾਮ: ਗਰਨੇਡ ਹਮਲੇ ਵਿੱਚ ਤਿੰਨ ਪੁਲੀਸ ਕਰਮੀ ਜ਼ਖਮੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com




ਗੁਹਾਟੀ, 25 ਜੂਨ ਗੋਲਾਘਾਟ ਜ਼ਿਲ੍ਹੇ ਦੇ ਬੋਕਾਖਟ ਵਿਖੇ ਸੀ.ਆਰ. ਪੀ.ਐੱਫ. ਕੈਂਪ 'ਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਵੱਲੋਂ ਗਰਨੇਡ ਸੁੱਟੇ ਜਾਣ ਤੋਂ ਬਾਅਦ ਅਸਾਮ ਪੁਲੀਸ ਦੇ ਤਿੰਨ ਕਰਮੀ ਜ਼ਖਮੀ ਹੋ ਗਏ।

ਗੋਲਾਘਾਟ ਜ਼ਿਲ੍ਹੇ ਦੇ ਬੋਕਾਖਟ ਵਿਖੇ ਸੀ.ਆਰ. ਪੀ.ਐੱਫ. ਕੈਂਪ 'ਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਵੱਲੋਂ ਗਰਨੇਡ ਸੁੱਟੇ ਜਾਣ ਤੋਂ ਬਾਅਦ ਅਸਾਮ ਪੁਲੀਸ ਦੇ ਤਿੰਨ ਕਰਮੀ ਜ਼ਖਮੀ ਹੋ ਗਏ। ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਰਾਤ ਨੂੰ ਸਪਗੁਰੀ ਖੇਤਰ ਦੇ ਕੈਂਪ 'ਤੇ ਗਰਨੇਡ ਸੁੱਟਿਆ ਗਿਆ ਸੀ, ਜਿਸ ਉਪਰੰਤ ਜ਼ਖਮੀਆਂ ਨੂੰ ਬੋਕਾਖਟ ਦੇ ਸਵਾਹਿਦ ਕਮਲਾ ਮੀਰੀ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਅਧਿਕਾਰੀ ਨੇ ਅੱਗੇ ਕਿਹਾ, "ਅਸੀਂ ਸਾਰੇ ਪਹਿਲੂਆਂ ਤੋਂ ਜਾਂਚ ਕਰ ਰਹੇ ਹਾਂ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਇਹ ਕੱਟੜਪੰਥੀਆਂ, ਸ਼ਿਕਾਰੀਆਂ ਜਾਂ ਬਦਮਾਸ਼ਾਂ ਦਾ ਕੰਮ ਸੀ।" ਬੋਕਾਖਟ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਖੇਤੀਬਾੜੀ ਮੰਤਰੀ ਅਤੁਲ ਬੋਰਾ ਨੇ ਹਸਪਤਾਲ ਦਾ ਦੌਰਾ ਕੀਤਾ ਅਤੇ ਜ਼ਖਮੀ ਪੁਲੀਸ ਕਰਮਚਾਰੀਆਂ ਦੀ ਸਿਹਤ ਬਾਰੇ ਪੁੱਛਿਆ। ਉਨ੍ਹਾਂ ਐਕਸ 'ਤੇ ਕਿਹਾ, "ਮੈਂ ਹਿੰਸਾ ਦੇ ਇਸ ਕਾਇਰਤਾਪੂਰਨ ਕੰਮ ਦੀ ਸਖ਼ਤ ਨਿੰਦਾ ਕਰਦਾ ਹਾਂ। ਅਜਿਹੀਆਂ ਘਟਨਾਵਾਂ ਦੀ ਇੱਕ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ ਅਤੇ ਇਹ ਖੇਤਰ ਵਿੱਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਦੇ ਸਾਡੇ ਸਮੂਹਿਕ ਇਰਾਦੇ ਨੂੰ ਨਹੀਂ ਰੋਕ ਸਕਣਗੀਆਂ।" -ਪੀਟੀਆਈ

## ਪੰਜਾਬ ਦੇ ਐਲਪੀਜੀ ਟੈਂਕਰ ਧਮਾਕੇ ਵਿੱਚ ਹੁਣ ਤੱਕ 5 ਮੌਤਾਂ: 30 ਜ਼ਖਮੀ, 35 ਘਰ ਅਤੇ ਦੁਕਾਨਾਂ ਸੜ ਗਈਆਂ,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com



ਪੰਜਾਬ ਦੇ ਐਲਪੀਜੀ ਟੈਂਕਰ ਧਮਾਕੇ ਵਿੱਚ ਹੁਣ ਤੱਕ 5 ਮੌਤਾਂ: 30 ਸੜ ਗਏ, 35 ਘਰ ਅਤੇ ਦੁਕਾਨਾਂ ਸੜ ਗਈਆਂ, ਲੋਕਾਂ ਨੇ ਕਿਹਾ- ਇੰਝ ਲੱਗਿਆ ਜਿਵੇਂ ਪਾਕਿਸਤਾਨ ਨੇ ਹਮਲਾ ਕੀਤਾ ਹੋਵੇ

ਪੰਜਾਬ ਦੇ ਹੁਸ਼ਿਆਰਪੁਰ ਵਿੱਚ ਸਬਜ਼ੀ ਨਾਲ ਭਰੇ ਪਿਕਅੱਪ ਨਾਲ ਟਕਰਾਉਣ ਕਾਰਨ ਐਲਪੀਜੀ ਟੈਂਕਰ ਦੇ ਧਮਾਕੇ ਵਿੱਚ ਹੁਣ ਤੱਕ ਇੱਕ ਔਰਤ ਸਮੇਤ 4 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿੱਚੋਂ ਸਿਰਫ਼ 3 ਦੀ ਪਛਾਣ ਹੋ ਸਕੀ ਹੈ। ਧਮਾਕੇ ਤੋਂ ਬਾਅਦ, ਲਗਭਗ 200 ਮੀਟਰ ਦੇ ਘੇਰੇ ਵਿੱਚ 25 ਦੁਕਾਨਾਂ ਅਤੇ 10 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ।

# ਮੰਡਿਆਲਾ ਦੇ ਗੈਸ ਘਟਨਾ, 25-25 ਲੱਖ ਦਾ ਮੁਆਵਜ਼ਾ ਮ੍ਰਿਤਕ ਪਰਿਵਾਰਾਂ ਨੂੰ ਅਤੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ- ਡਾ ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਪਿੰਡ ਮੰਡਿਆਲਾ ਦੇ ਗੈਸ ਘਟਨਾ ਤੇ ਪ੍ਰੈਸ ਨਾਲ ਵਿਚਾਰ ਸਾਂਝੇ ਕਰਦੇ ਹੋਏ, 25-25 ਲੱਖ ਦਾ ਮੁਆਵਜ਼ਾ ਮ੍ਰਿਤਕ ਪਰਿਵਾਰਾਂ ਨੂੰ ਅਤੇ ਪਰਿਵਾਰ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਜਖਮੀਆਂ ਦਾ 100 ਫੀਸਦੀ ਇਲਾਜ ਸਰਕਾਰ ਮੁਫਤ ਕਰੇ ਅਤੇ ਉਨਾਂ ਦੇ ਫਿਜੀਕਲ ਸਥਿਤੀ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇ ਅਤੇ ਇਸ ਹਾਦਸੇ ਚ ਜਿਨਾਂ ਦੇ ਘਰ ਜਲੇ ਹੋਰ ਨੁਕਸਾਨ ਹੋਇਆ ਸਰਕਾਰ ਉਸਦੇ ਤੁਰੰਤ ਭਰਪਾਈ ਕਰੇ ਇਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਿਵਲ ਸਰਜਨ ਵੀ ਮੌਜੂਦ ਰਹੇ ਇਸ ਮੌਕੇ ਚੌਧਰੀ



ਗੁਰਨਾਮ ਸਿੰਘ ਸਟੇਟ ਕੁਆਰਡੀਨੇਟਰ,ਦਲਜੀਤ ਰਾਏ ਜਿਲਾ ਪ੍ਰਧਾਨ ਬਸਪਾ,ਸੋਮਨਾਥ ਬੈਂਸ ਜੀ ਸਰਜੀਤ ਮਹਿਮੀ ਜੀ ਹਰਜੀਤ ਲਾਡੀ ਜੀ ਦਿਨੇਸ਼ ਪੱਪੂ ਜੀ ਤੋਂ ਇਲਾਵਾ ਪਾਰਟੀ ਦੀ ਲੀਡਰਸ਼ਿਪ ਤੇ ਹੋਰ ਵਰਕਰ ਮੌਜੂਦ ਸਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੰਡਿਆਲਾ ਵਿੱਚ ਵਾਪਰੇ ਭਿਆਨਕ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਜਿਸ ਵਿੱਚ ਐਲ.ਪੀ.ਜੀ. ਟੈਂਕਰ ਵਿੱਚ ਧਮਾਕਾ ਹੋਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ 21 ਹੋਰ ਜ਼ਖਮੀ ਹੋ ਗਏ।

ਇਸ ਘਟਨਾ 'ਤੇ ਦੁੱਖ ਤੇ ਅਫਸੋਸ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ। ਉਨ੍ਹਾਂ ਨੇ ਅਕਾਲ ਪੁਰਖ ਅੱਗੇ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਦੇਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰ ਲਈ ਦੋ-ਦੋ ਲੱਖ ਰੁਪਏ ਦੀ ਵਿੱਤੀ ਇਮਦਾਦ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਰੱਖ ਕੇ ਸਮੁੱਚੀ ਸਥਿਤੀ 'ਤੇ ਨਿਰੰਤਰ ਨਿਗਰਾਨੀ ਰੱਖ ਰਹੇ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਾਰੇ ਜ਼ਖਮੀਆਂ ਦੇ ਮੁਫਤ ਇਲਾਜ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਨ੍ਹਾਂ ਨੇ ਜ਼ਖਮੀਆਂ ਦੇ ਛੇਤੀ ਸਿਹਤਯਾਬ ਹੋਣ ਲਈ ਅਰਦਾਸ ਕੀਤੀ।

# ਸ੍ਰੀ ਗੁਰੂ ਰਵਿਦਾਸ ਜੀ ਦੇ ਮੰਦਰ ਨੂੰ ਤੋੜਨ ਦੇ ਵਿਰੋਧ 'ਚ ਬਸਪਾ ਵੱਲੋਂ 29 ਅਗਸਤ ਨੂੰ ਸਾਰੇ ਜ਼ਿਲਿਆਂ ਦੇ ਡੀਸੀ ਨੂੰ ਦਿੱਤੇ ਜਾਣਗੇ ਮੈਮੋਰੰਡਮ -ਕਰੀਮਪੁਰੀ

## ਪਿੰਡ ਧਲੇਤਾ ਵਿਖੇ ਗੁਰੂ ਰਵਿਦਾਸ ਮੰਦਰ ਨੂੰ ਤੋੜਨ ਦਾ ਮੁੱਦਾ ਐਸੰਬਲੀ ਸਿੰਘ ਉਠਾਵਾਂਗੇ - ਡਾ. ਨਛੱਤਰ ਪਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਜਗਤਾਰ ਸਿੰਘ ਰੇੜ੍ਹੇਵਾਲ -- ਬਹੁਜਨ ਸਮਾਜ ਪਾਰਟੀ ਸਟੇਟ ਦੇ ਆਗੂਆਂ ਦੀ ਟੀਮ ਵਲੋਂ ਹਲਕਾ ਫਿਲੌਰ ਦੇ ਪਿੰਡ ਧਲੇਤਾ ਵਿਖੇ ਪਹੁੰਚ ਕੇ ਸ੍ਰੀ ਗੁਰੂ ਰਵਿਦਾਸ ਮੰਦਰ ਤੇ ਸਰਕਾਰ ਵੱਲੋਂ ਗੁਰੂ ਘਰ ਤੇ ਕੀਤੇ ਹਮਲੇ ਦਾ ਜਾਇਜ਼ਾ ਲੈਣ ਲਈ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਤੇ ਡਾਕਟਰ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਇੰਚਾਰਜ ਬਸਪਾ ਪੰਜਾਬ ਦੀ ਅਗਵਾਈ ਹੇਠ ਜਾਇਜ਼ਾ ਲੈਣ ਤੋਂ ਬਾਅਦ ਪਿੰਡ ਨੰਗਲ ਵਿਖੇ ਦੁਆਬੇ ਦੀਆਂ ਸੰਗਤਾਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸਰਕਾਰ ਗੁਰੂ ਰਵਿਦਾਸ ਮੰਦਰ ਪਿੰਡ ਧਲੇਤਾ ਦੀ ਸਥਿਤੀ ਪਹਿਲਾਂ ਦੀ ਤਰ੍ਹਾਂ ਬਹਾਲ ਕਰੇ ਅਤੇ ਜਿਲਾ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਗੁਰੂ ਰਵਿਦਾਸ ਜੀ ਦੇ ਮੰਦਰ ਨੂੰ ਤੋੜਨ ਵਿਰੁੱਧ ਬਹੁਜਨ ਸਮਾਜ ਪਾਰਟੀ 29 ਅਗਸਤ 2025 ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਰੋਸ ਮਾਰਚ ਕਰਕੇ ਜਿਲਾ ਹੈਡਕੁਆਰਟਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇਵੇਗੀ। ਇਸ ਮੌਕੇ ਬੋਲਦਿਆਂ ਡਾਕਟਰ ਨਛੱਤਰ ਪਾਲ ਐਮ ਐਲ ਏ ਬਸਪਾ ਨਵਾਂਸ਼ਹਿਰ ਨੇ ਕਿਹਾ ਕਿ ਗੁਰੂ ਰਵਿਦਾਸ ਮੰਦਰ ਪਿੰਡ ਧਲੇਤਾ ਨੂੰ ਤੋੜਨ ਦਾ ਮੁੱਦਾ ਪੰਜਾਬ ਐਸੰਬਲੀ ਵਿਚ ਉਨ੍ਹਾਂ ਵਲੋਂ ਉਠਾਇਆ ਜਾਵੇਗਾ। ਇਸ ਮੌਕੇ ਦੋਵੇਂ ਆਗੂਆਂ ਨੇ ਕਿਹਾ ਕਿ 7 ਸਤੰਬਰ 2025 ਨੂੰ ਦੁਆਬਾ ਪੱਧਰ ਤੇ ਗੁਰਾਇਆ ਵਿਖੇ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ 'ਚ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਰੈਲੀ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਸਟੇਟ ਇੰਚਾਰਜ ਚੌਧਰੀ ਗੁਰਨਾਮ ਸਿੰਘ, ਸਟੇਟ ਇੰਚਾਰਜ ਤੀਰਥ ਰਾਜਪੁਰਾ,, ਐਡਵੋਕੇਟ ਬਲਵਿੰਦਰ ਕੁਮਾਰ ਸੂਬਾ ਜਰਨਲ ਸਕੱਤਰ ਤੇ ਜੋਨ ਇੰਚਾਰਜ ਜਲੰਧਰ, ਗੁਰਮੇਲ ਸਿੰਘ ਚੁੰਬਰ ਸੂਬਾ ਜਰਨਲ ਸਕੱਤਰ, ਪ੍ਰਵੀਨ ਬੰਗਾ ਸੂਬਾ ਜਨਰਲ ਸਕੱਤਰ,



ਬਲਵਿੰਦਰ ਬਿੱਟਾ ਸੂਬਾ ਜਰਨਲ ਸਕੱਤਰ,ਲਾਲ ਚੰਦ ਔਜਲਾ, ਜਗਦੀਸ਼ ਸ਼ੇਰਪੁਰੀ ਪ੍ਰਧਾਨ ਜ਼ਿਲਾ ਜਲੰਧਰ, ਸ਼ਲਿੰਦਰ ਸਿੰਘ ਪ੍ਰਧਾਨ ਸ਼ਹਿਰੀ, ਦਲਜੀਤ ਰਾਏ ਪ੍ਰਧਾਨ ਹੁਸ਼ਿਆਰਪੁਰ, ਸਰਬਜੀਤ ਸਿੰਘ ਪ੍ਰਧਾਨ ਨਵਾਂਸ਼ਹਿਰ, ਖੁਸ਼ੀ ਰਾਮ, ਸੁਖਵਿੰਦਰ ਬਿੱਟੂ, ਹੈਪੀ ਰੁੜਕਾ, ਅਤੇ ਹੋਰ ਵਿਧਾਨ ਸਭਾ ਦੇ ਲੀਡਰ ਵਰਕਰ ਜ਼ਿਲਿਆਂ ਦੇ ਲੀਡਰ ਤੇ ਵਰਕਰ ਤੇ ਪਿੰਡ ਧਲੇਤਾ ਦੇ ਨਿਵਾਸੀ ਮੌਜੂਦ ਸਨ।

# ਬਰਨਾਲਾ ਦੇ ਮਸ਼ਹੂਰ ਬਿਜਨਸਮੈਨ ਸੁਮਿਤ ਕੁਮਾਰ ਅਤੇ ਗਗਨਦੀਪ ਤੋਂ ਪੁਲਿਸ ਨੇ ਫੜੀ 5 ਕਿਲੋ ਅਫ਼ੀਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਬਰਨਾਲਾ : ਬਰਨਾਲਾ ਪੁਲਿਸ ਨੇ ਇੱਕ ਮਸ਼ਹੂਰ ਬਿਜਨਸਮੈਨ ਸੁਮਿਤ ਕੁਮਾਰ ਅਤੇ ਉਸ ਦੇ ਸਾਥੀ ਗਗਨਦੀਪ ਸਿੰਘ ਉਰਫ ਗਗਨ ਤੋਂ ਪੰਜ ਕਿਲੋ ਅਫੀਮ ਬਰਾਮਦ ਕੀਤੀ ਹੈ। ਜਿਨ੍ਹਾਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰਕੇ ਰਿਮਾਂਡ ਹਾਸਲ ਕਰ ਲਿਆ ਹੈ। ਉਮੀਦ ਹੈ ਕਿ ਪੁੱਛਗਿੱਛ ਤੋਂ ਬਾਅਦ ਹੋਰ ਵੀ ਅਹਿਮ ਖੁਲਾਸੇ ਸਾਹਮਣੇ ਆਉਣਗੇ।

ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ



ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਨੇ ਦੱਸਿਆ ਕਿ ਸੁਮਿਤ ਕੁਮਾਰ ਨਿਵਾਸੀ ਬਰਨਾਲਾ ਅਤੇ ਗਗਨਦੀਪ ਸਿੰਘ ਉਰਫ ਗਗਨ ਨਿਵਾਸੀ ਕੱਟੂ ਰੋਡ ਉਪਲੀ ਦੋਨੋਂ ਜਾਣੇ ਬਾਹਰਲੀ ਸਟੇਟ ਵਿੱਚੋਂ ਅਫੀਮ ਲਿਆ ਕੇ ਆਸ ਪਾਸ ਦੇ ਪਿੰਡਾਂ ਵਿੱਚ ਵੇਚਣ ਦਾ ਧੰਦਾ ਕਰਦੇ ਹਨ। ਜਿਨ੍ਹਾਂ ਨੂੰ ਬਰਨਾਲਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਦੋਵਾਂ ਕੋਲੋਂ ਪੰਜ ਕਿਲੋ ਅਫੀਮ ਅਤੇ ਇੱਕ ਸਵਿਫਟ ਕਾਰ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਗਗਨਦੀਪ ਸਿੰਘ ਉਰਫ ਗਗਨ ਜੋ ਕਿ ਆਰ.ਐਮ.ਪੀ. ਡਾਕਟਰ ਹੈ, ਦੇ ਖਿਲਾਫ ਪਹਿਲਾਂ ਵੀ ਦੋ ਕੇਸ ਦਰਜ ਹਨ।

ਜ਼ਿਕਰਯੋਗ ਹੈ ਕਿ ਸੁਮਿਤ ਕੁਮਾਰ ਬਰਨਾਲਾ ਦਾ ਮਸ਼ਹੂਰ ਮੋਬਾਇਲਾਂ ਦਾ ਬਿਜਨਸਮੈਨ ਹੈ ਅਤੇ ਉਸ ਨੇ ਕੁਝ ਹੀ ਸਮੇਂ ਦੌਰਾਨ ਸ਼ਹਿਰ 'ਚ ਸ਼ਾਨਦਾਰ ਕੋਠੀ ਬਣਾ ਲਈ ਹੈ। ਪੁਲਿਸ ਵੱਲੋਂ ਦੋਹਾਂ ਮੁਲਜ਼ਮਾਂ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਨੇ ਕਿਹਾ ਕਿ ਸੁਮਿਤ ਕੁਮਾਰ ਵੱਲੋਂ ਜੋ ਕੋਠੀ ਪਾਈ ਗਈ ਹੈ ਉਸ ਦੀ ਵੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਜੇਕਰ ਉਹ ਨਸ਼ੇ ਦੀ ਕਮਾਈ ਨਾਲ ਬਣਾਈ ਗਈ ਹੈ ਤਾਂ ਉਸ ਨੂੰ ਵੀ ਪੁਲਿਸ ਵੱਲੋਂ ਅਟੈਚ ਕੀਤਾ ਜਾਵੇਗਾ।

# ਬਸਪਾ ਸਰਕਾਰੀ ਜਬਰ ਦੇ ਪੀੜਤਾਂ ਨਾਲ ਡਟ ਕੇ ਖੜੀ ਇਨਸਾਫ ਹਾਸਲ ਕਰਨੇ ਤੱਕ ਲੜਾਈ ਜਾਰੀ ਰਹੂਗੀ- ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਚੱਬੇਵਾਲ( ਚਰਨਜੀਤ ਸੱਲ੍ਹਾਂ )ਪੰਜਾਬ ਸਰਕਾਰ ਆਪਣੇ ਸੰਵਿਧਾਨਿਕ ਜਿੰਮੇਵਾਰੀ ਨਿਭਾਵੇ ਪੀੜਤਾਂ ਨੂੰ ਇਨਸਾਫ ਦੇਵੇ, ਚੱਬੇਵਾਲ ਵਿਖੇ ਬਹੁਜਨ ਸਮਾਜ ਪਾਰਟੀ ਵੱਲੋਂ ਸਰਕਾਰੀ ਜਬਰ ਵਿਰੁੱਧ ਪੰਜਾਬ ਸੰਭਾਲੋ ਰੈਲੀ ਕੀਤੀ ਗਈ ਜਿਸ ਵਿੱਚ ਪੰਜਾਬ ਸਰਕਾਰ ਨੂੰ ਆਪਣੀ ਜਾਬਰ ਨੀਤੀ ਨੂੰ ਬਦਲਣ ਲਈ ਕਿਹਾ ਗਿਆ ਅਤੇ ਪੰਜਾਬ ਦੀਆਂ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਕਿ ਜਿੱਥੇ ਵੀ ਸਰਕਾਰ ਜਬਰ ਕਰਦੀ ਹੈ ਉਹ ਬਹੁਜਨ ਸਮਾਜ



ਪਾਰਟੀ ਦੀ ਪੰਜਾਬ ਸੰਭਾਲੋ ਮਹਿਮ ਨਾਲ ਜੁੜਨ ਮੁਹਿੰਮ ਦਾ ਹਿੱਸਾ ਬਣਨ ਤਾਂ ਕਿ ਪੰਜਾਬ ਸਰਕਾਰ ਦੇ ਜਬਰ ਨਾਲ ਟੱਕਰ ਲਈ ਜਾ ਸਕੇ,78 ਸਾਲ ਤੋਂ ਪੰਜਾਬ ਨੂੰ ਉਜਾੜਨੇ ਵਾਲਿਆਂ ਨੂੰ ਰੱਦ ਕਰਕੇ 2027 ਚ ਪੰਜਾਬ ਸੰਭਾਲੋ ਬਸਪਾ ਨੂੰ ਮੌਕਾ ਦੇ ਕੇ ਇੱਕ ਨਵਾਂ ਤੇ ਸਿਹਤਮੰਦ ਪੰਜਾਬ ਬਣਾਇਆ ਜਾ ਸਕੇ ਇਸ ਮੌਕੇ ਬਸਪਾ ਦੇ ਸਟੇਟ ਕੋਆਰਡੀਨੇਟਰ ਵੀ ਚੌਧਰੀ ਗੁਰਨਾਮ ਸਿੰਘ ਜੀ ਨੇ ਸਰਕਾਰ ਦੇ ਜਬਰ ਦੀ ਨਿੰਦਾ ਕੀਤੀ ਅਤੇ ਬਹੁਜਨ ਸਮਾਜ ਪਾਰਟੀ ਦਾ ਜਥੇਬੰਦਕ ਢਾਂਚਾ ਪਿੰਡ ਪਿੰਡ ਵਿੱਚ ਬਣਾਉਣ ਲਈ ਲੀਡਰਸ਼ਿਪ ਨੂੰ ਸੱਦਾ ਦਿੱਤਾ ਰੈਲੀ ਵਿੱਚ ਮਨਿੰਦਰ ਸਿੰਘ ਸ਼ੇਰਪੁਰੀ ਸਟੇਟ ਸੈਕਟਰੀ,ਸੁਖਦੇਵ bit-ta ਸਟੇਟ ਸੈਕਟਰੀ,ਦਲਜੀਤ ਰਾਏ ਜਿਲਾ ਪ੍ਰਧਾਨ, ਐਡਵੋਕੇਟ ਦਾਦਰਾ ਜਿਲਾ ਜਨਲ ਸੈਕਟਰੀ,ਜਿਲਾ ਇੰਚਾਰਜ ਪਲਵਿੰਦਰ ਮਾਨਾ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਇੰਚਾਰਜ ਜਸਪੱਟੀ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪ੍ਰਧਾਨ ਜਿਲੇ ਦੇ ਇੰਚਾਰਜ ਬਖਸ਼ੀਸ਼ ਭੀਮ ਜੀ ਗੜਸ਼ੰਕਰ ਵਿਧਾਨ ਸਭਾ ਦੇ ਇੰਚਾਰਜ, ਮਲਕੀਤ ਸਿੰਘ ਹਲਕਾ ਗੜਸ਼ੰਕਰ ਦੇ ਪ੍ਰਧਾਨ,ਨਿਸ਼ਾਨ ਚੌਧਰੀ ਜੀ ਜਿਲਾ ਇੰਚਾਰਜ ਅਤੇ ਵਿਧਾਨ ਸਭਾ ਹਲਕਾ ਸ਼ਾਮ 84 ਦੇ ਇੰਚਾਰਜ

# ਬਲਦੇਵ ਸਿੰਘ ਸਿਰਸਾ ਨੂੰ ਮੈਟਰੋ ਰੇਲ 'ਤੇ ਸਫ਼ਰ ਕਰਨ ਤੋਂ ਰੋਕਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਦਿੱਲੀ 'ਚ ਸੀਨੀਅਰ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੂੰ ਮੈਟਰੋ ਰੇਲ 'ਚ ਸਫ਼ਰ ਕਰਨ ਤੋਂ ਰੋਕਿਆ ਗਿਆ ਹੈ। ਬਲਦੇਵ ਸਿੰਘ ਸਿਰਸਾ ਨੂੰ ਦਿੱਲੀ ਰੇਲਵੇ ਮੈਟਰੋ 'ਚ ਕਿਰਪਾਨ ਪਹਿਨਣ ਕਾਰਨ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ । ਬਲਦੇਵ ਸਿੰਘ ਸਿਰਸਾ ਨੂੰ



ਦਿੱਲੀ ਤੋਂ ਬੰਗਲਾ ਸਾਹਿਬ ਜਾਣਾ ਸੀ। ਸਿਰਸਾ ਨੇ ਗੁੱਸੇ ਵਿਚ ਆ ਕਿਹਾ ਕਿ ਆਜ਼ਾਦ ਭਾਰਤ ਵਿਚ ਸਿੱਖਾਂ ਨਾਲ ਅਜਿਹਾ ਵਤੀਰਾ ਕੀਤਾ ਜਾ ਰਿਹਾ ਹੈ । ਜਦ ਕਿ ਸਭ ਤੋਂ ਜ਼ਿਆਦਾ ਕੁਰਬਾਨੀਆਂ ਪੰਜਾਬੀਆਂ ਵਲੋਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਪੰਜਾਬੀ ਕਿਥੇ ਜਾਣ, ਕੀ ਸਿੱਖਾਂ ਲਈ ਵੱਖਰੇ ਕਾਨੂੰਨ ਹੈ। ਅਸੀਂ ਕਿੱਥੇ ਜਾਈਏ। ਇਸ ਮੌਕੇ ਸਿਰਸਾ ਵਲੋਂ ਰੇਲਵੇ ਸਟੇਸ਼ਨ ਤੋਂ ਵੀਡੀਓ ਵੀ ਬਣਾਈ ਗਈ।

ਇਸੇ ਤਰ੍ਹਾਂ ਇੱਕ ਮਾਮਲੇ ਵਿਚ ਹਰਿਆਣਾ 'ਚ ਇੱਕ ਵਿਦਿਆਰਥੀ ਨੂੰ ਕਕਾਰ ਪਹਿਨਣ ਕਰਕੇ ਪੇਪਰ ਦੇਣ ਤੋਂ ਰੋਕਿਆ ਗਿਆ ਸੀ ।

ਦੂਜਾ ਮਾਮਲਾ ਦਿੱਲੀ ਦੇ ਲਾਲ ਕਿਲ੍ਹੇ ਵਿਖੇ 15 ਅਗਸਤ ਨੂੰ ਝੰਡਾ ਲਹਿਰਾਉਣ ਦੀ ਰਸਮ ਮੌਕੇ ਪਿੰਡ ਕਾਲਸਨਾ ਦੇ ਸਰਪੰਚ ਗੁਰਧਿਆਨ ਸਿੰਘ ਨੂੰ ਪ੍ਰੋਗਰਾਮ ਦੌਰਾਨ ਲਾਲ ਕਿਲੇ ਵਿੱਚ ਅੰਦਰ ਇਸ ਕਰਕੇ ਨਹੀਂ ਜਾਣ ਦਿੱਤਾ ਕਿਉਂਕਿ ਉਨ੍ਹਾਂ ਨੇ ਕਿਰਪਾਨ ਪਾਈ ਹੋਈ ਸੀ।

# ਜੰਮੂ ਦੇ ਗੰਗਿਆਲ 'ਚ ਸਿੰਥੈਟਿਕ ਪਨੀਰ ਜ਼ਬਤ, 2,100 ਕਿਲੋਗ੍ਰਾਮ ਸਿੰਥੈਟਿਕ ਪਨੀਰ ਹੋਇਆ ਬਰਾਮਦ

## ਜੰਮੂ ਦੇ ਫੂਡ ਸੇਫਟੀ ਦੇ ਡਿਪਟੀ ਕਮਿਸ਼ਨਰ ਨੇ ਕੀਤੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਭੋਜਨ ਮਿਲਾਵਟਖੋਰੀ 'ਤੇ ਇੱਕ ਫੈਸਲਾਕੁੰਨ ਕਾਰਵਾਈ ਵਿੱਚ, ਜੰਮੂ ਦੇ ਖੁਰਾਕ ਸੁਰੱਖਿਆ ਵਿਭਾਗ ਨੇ ਅੱਜ ਗੰਗਿਆਲ ਖੇਤਰ ਵਿੱਚ ਕੀਤੀ ਗਈ ਇੱਕ ਛਾਪੇਮਾਰੀ ਦੌਰਾਨ ਲਗਭਗ 2,100 ਕਿਲੋਗ੍ਰਾਮ ਸਿੰਥੈਟਿਕ ਪਨੀਰ



ਜ਼ਬਤ ਕੀਤਾ। ਇਸ ਕਾਰਵਾਈ ਦੀ ਅਗਵਾਈ ਜੰਮੂ ਦੇ ਫੂਡ ਸੇਫਟੀ ਦੇ ਡਿਪਟੀ ਕਮਿਸ਼ਨਰ ਨੇ ਕੀਤੀ।

ਇਹ ਛਾਪਾ ਪੂਰੇ ਖੇਤਰ ਵਿੱਚ ਜਨਤਕ ਸਿਹਤ ਅਤੇ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੱਲ ਰਹੇ ਯਤਨਾਂ ਦਾ ਹਿੱਸਾ ਸੀ। ਖਾਸ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ, ਵਿਭਾਗ ਨੇ ਤੇਜ਼ੀ ਨਾਲ ਆਪਣੇ ਸਰੋਤਾਂ ਨੂੰ ਇਕੱਠਾ ਕੀਤਾ ਅਤੇ ਸ਼ੱਕੀ ਖੇਪ ਨੂੰ ਰੋਕਿਆ, ਜੋ ਸਥਾਨਕ ਬਾਜ਼ਾਰਾਂ ਵਿੱਚ ਵੇਚਣ ਲਈ ਤਿਆਰ ਕੀਤੀ ਜਾ ਰਹੀ ਸੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਮਹਾੜ ਸੱਤਿਆਗ੍ਰਹਿ ਪ੍ਰੀਸ਼ਦ ਪ੍ਰੋਗਰਾਮ
## ਮਿਤੀ 26 ਦਸੰਬਰ, 1927 (ਕੱਲ੍ਹ ਦੇ ਭਾਸ਼ਣ ਦਾ ਅਗਲਾ ਹਿੱਸਾ)

ਇਹ ਕੰਮ ਸਮਾਜ ਵਿੱਚ ਸਹੀ ਅਰਥਾਂ ਵਿੱਚ ਇੱਕ ਕ੍ਰਾਂਤੀ ਲਿਆਉਣ ਲਈ ਸ਼ੁਰੂ ਕੀਤਾ ਗਿਆ ਹੈ। ਕਿਸੇ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਸਭ ਕੁਝ ਸਿਰਫ਼ ਮਿੱਠੇ ਸ਼ਬਦਾਂ ਅਤੇ ਮਿੱਠੀਆਂ ਆਵਾਜ਼ਾਂ ਨਾਲ ਮੋਹਿਤ ਮਨ ਨੂੰ ਯਕੀਨ ਦਿਵਾਉਣ ਲਈ ਕੀਤਾ ਜਾ ਰਿਹਾ ਹੈ। ਇਹ ਕੰਮ ਭਾਵਨਾਵਾਂ



ਦੁਆਰਾ ਸਮਰਥਤ ਹੈ ਅਤੇ ਉਹ ਭਾਵਨਾ ਉਹ ਸ਼ਕਤੀ ਹੈ ਜੋ ਇਸ ਕੰਮ ਨੂੰ ਅੱਗੇ ਵਧਾਉਂਦੀ ਹੈ। ਇਸ ਲਈ, ਕਿਸੇ ਲਈ ਵੀ ਇਸ ਕੰਮ ਦੀ ਗਤੀ ਨੂੰ ਰੋਕਣਾ ਸੰਭਵ ਨਹੀਂ ਹੈ। ਮੈਂ ਦੁਨੀਆ ਦੇ ਸ਼ਾਸਕ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹ ਸਮਾਜਿਕ ਕ੍ਰਾਂਤੀ ਸ਼ਾਂਤੀਪੂਰਵਕ ਪੂਰੀ ਹੋਵੇ। ਅਤੇ ਕੋਈ ਵੀ ਇਸ ਗੱਲ ਵਿੱਚ ਸ਼ੱਕ ਨਹੀਂ ਕਰ ਸਕਦਾ ਕਿ ਇਸ ਸਮਾਜਿਕ ਕ੍ਰਾਂਤੀ ਨੂੰ ਸ਼ਾਂਤੀਪੂਰਵਕ ਪੂਰਾ ਕਰਨ ਦੀ ਜ਼ਿੰਮੇਵਾਰੀ ਸਾਡੇ ਨਾਲੋਂ ਸਾਡੇ ਵਿਰੋਧ 'ਤੇ ਹੈ। ਸਮਾਜ ਵਿੱਚ ਇਹ ਕ੍ਰਾਂਤੀ ਜ਼ਾਲਮ ਹੋਵੇਗੀ ਜਾਂ ਗੈਰ-ਜ਼ਾਲਮ, ਇਹ ਪੂਰੀ ਤਰ੍ਹਾਂ ਛੂਹਣ ਵਾਲੇ ਲੋਕਾਂ ਦੇ ਵਿਵਹਾਰ 'ਤੇ ਨਿਰਭਰ ਕਰਦਾ ਹੈ। ਜਿਹੜੇ ਲੋਕ 1789 ਦੀ ਫਰਾਂਸੀਸੀ ਨੈਸ਼ਨਲ ਅਸੈਂਬਲੀ ਨੂੰ ਜ਼ਾਲਮ ਹੋਣ ਦਾ ਦੋਸ਼ ਦਿੰਦੇ ਹਨ, ਉਹ ਇੱਕ ਗੱਲ ਭੁੱਲ ਜਾਂਦੇ ਹਨ ਕਿ ਜੇਕਰ ਫਰਾਂਸ ਦੇ ਰਾਜੇ ਨੇ ਫਰਾਂਸੀਸੀ ਨੈਸ਼ਨਲ ਅਸੈਂਬਲੀ ਨਾਲ ਧੋਖੇ ਨਾਲ ਵਿਵਹਾਰ ਨਾ ਕੀਤਾ ਹੁੰਦਾ ਅਤੇ ਜੇਕਰ ਬਜ਼ੁਰਗ ਨਾਗਰਿਕਾਂ ਨੇ ਇਸਦਾ ਵਿਰੋਧ ਨਾ ਕੀਤਾ ਹੁੰਦਾ ਅਤੇ ਅਜਨਬੀਆਂ ਦੀ ਮਦਦ ਨਾਲ ਇਸਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦਾ ਪਾਪ ਨਾ ਕੀਤਾ ਹੁੰਦਾ, ਤਾਂ ਇਸਨੂੰ ਇਨਕਲਾਬ ਦੇ ਰਾਹ ਵਿੱਚ ਅੱਤਿਆਚਾਰਾਂ ਦਾ ਸਾਹਮਣਾ ਨਾ ਕਰਨਾ ਪੈਂਦਾ। ਸਮਾਜ ਦੀ ਉਹ ਕ੍ਰਾਂਤੀ ਸ਼ਾਂਤੀਪੂਰਨ ਢੰਗ ਨਾਲ ਪੂਰੀ ਹੁੰਦੀ। ਸਾਡਾ ਆਪਣੇ ਵਿਰੋਧੀ ਧਿਰ ਨੂੰ ਇਹੀ ਕਹਿਣਾ ਹੈ ਕਿ ਤੁਸੀਂ ਸਾਡਾ ਵਿਰੋਧ ਨਾ ਕਰੋ। ਇਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਨਾ ਕਰੋ, ਕਿਸੇ ਵਿਦੇਸ਼ੀ ਸਰਕਾਰ ਜਾਂ ਵਿਦੇਸ਼ੀ ਧਰਮ ਦੀ ਮਦਦ ਨਾਲ ਇਸਨੂੰ ਕੁਚਲੋ। ਧਰਮ ਗ੍ਰੰਥਾਂ ਤੋਂ ਛੁਟਕਾਰਾ ਪਾਓ, ਨਿਆਂ ਦੀ ਪਾਲਣਾ ਕਰੋ, ਅਸੀਂ ਤੁਹਾਨੂੰ ਭਰੋਸਾ ਦਿਵਾਉਂਦੇ ਹਾਂ ਕਿ ਅਸੀਂ ਇਸ ਪ੍ਰੋਗਰਾਮ ਨੂੰ ਸ਼ਾਂਤੀਪੂਰਨ ਢੰਗ ਨਾਲ ਪੂਰਾ ਕਰਾਂਗੇ। ਡਾਕਟਰ ਸਾਹਿਬ ਦੇ ਭਾਸ਼ਣ ਤੋਂ ਬਾਅਦ ਪਾਸ ਕੀਤੇ ਗਏ ਮਤੇ ਦਾ ਖਰੜਾ ਇਸ ਪ੍ਰਕਾਰ ਸੀ

### ਪਹਿਲਾ ਮਤਾ
### ਹਿੰਦੂਆਂ ਦੇ ਜਨਮ ਅਧਿਕਾਰਾਂ ਦਾ ਐਲਾਨ

ਇਹ ਅਸੈਂਬਲੀ ਇਸ ਗੱਲ ਦਾ ਪੱਕਾ ਵਿਚਾਰ ਹੈ ਕਿ ਸਮਕਾਲੀ ਹਿੰਦੂ ਸਮਾਜ ਇਸ ਗੱਲ ਦਾ ਮਜ਼ਬੂਤ ਸਬੂਤ ਹੈ ਕਿ ਸਮਾਜਿਕ ਬੇਇਨਸਾਫ਼ੀ, ਧਾਰਮਿਕ ਸ਼ਰਮ, ਰਾਜਨੀਤਿਕ ਪਤਨ ਅਤੇ ਆਰਥਿਕ ਗੁਲਾਮੀ ਕਾਰਨ ਇੱਕ ਕੌਮ ਕਿਵੇਂ ਨਿਘਾਰ ਵੱਲ ਜਾਂਦੀ ਹੈ। ਬਹੁਜਨ ਸਮਾਜ ਨੇ ਕਦੇ ਵੀ ਇਹ ਜਾਣਨ ਦੀ ਤਿਆਰੀ ਨਹੀਂ ਦਿਖਾਈ ਕਿ ਹਰ ਮਨੁੱਖ ਦੇ ਜਨਮ ਸਿੱਧ ਅਧਿਕਾਰ ਕੀ ਹਨ? ਅਤੇ ਹਰ ਮਨੁੱਖ ਦੇ ਇਨ੍ਹਾਂ ਜਨਮ ਸਿੱਧ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਵੀ ਸ਼ਰਧਾ ਨਾਲ ਨਹੀਂ ਨਿਭਾਈ ਗਈ ਅਤੇ ਸਵਾਰਥ ਅਤੇ ਲਾਲਚ ਵਿੱਚ ਸ਼ਾਮਲ ਲੋਕਾਂ ਦੀਆਂ ਸਾਜ਼ਿਸ਼ੀ ਗਤੀਵਿਧੀਆਂ ਦਾ ਪਰਦਾਫਾਸ਼ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਰੋਕਿਆ ਨਹੀਂ ਗਿਆ, ਉਨ੍ਹਾਂ ਦੇ ਮਾੜੇ ਕੰਮਾਂ ਨੂੰ ਰੋਕਿਆ ਨਹੀਂ ਗਿਆ, ਅਤੇ ਇਹ ਹਿੰਦੂ ਸਮਾਜ ਦੀ ਇੰਨੀ ਭਿਆਨਕ ਹਾਲਤ ਦਾ ਕਾਰਨ ਬਣ ਗਿਆ ਹੈ। ਅਧਿਕਾਰ ਕੀ ਹਨ? ਸੰਕਟ ਦੇ ਸਮੇਂ ਇਨ੍ਹਾਂ ਦੀ ਰੱਖਿਆ ਕਿਵੇਂ ਕੀਤੀ ਜਾ ਸਕਦੀ ਹੈ? ਅਸੀਂ ਆਪਣੇ ਆਪਸੀ ਵਿਹਾਰ ਵਿੱਚ ਕਿਵੇਂ ਧਿਆਨ ਰੱਖ ਸਕਦੇ ਹਾਂ ਕਿ ਕੋਈ ਸਾਨੂੰ ਕੁਚਲ ਨਾ ਦੇਵੇ? ਹਿੰਦੂਆਂ ਨੂੰ ਹਮੇਸ਼ਾ ਪਤਾ ਹੈ ਕਿ ਉਨ੍ਹਾਂ ਦੇ ਜਨਮ ਸਿੱਧ ਅਧਿਕਾਰ ਕੀ ਹਨ। ਇਸ ਲਈ, ਦੁਨੀਆ ਦੇ ਰੱਖਿਅਕ, ਸਰਬਸ਼ਕਤੀਮਾਨ ਪਰਮਾਤਮਾ ਨੂੰ ਗਵਾਹ ਵਜੋਂ ਰੱਖਦੇ ਹੋਏ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹੋਏ, ਅੱਜ ਦੀ ਸਭਾ ਵੱਲੋਂ ਸਾਰਿਆਂ ਦੀ ਜਾਣਕਾਰੀ ਲਈ ਹੇਠ ਲਿਖਿਆ ਐਲਾਨ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ -

ਸਾਰੇ ਮਨੁੱਖ ਬਰਾਬਰ ਪੈਦਾ ਹੁੰਦੇ ਹਨ ਅਤੇ ਮੌਤ ਤੱਕ ਬਰਾਬਰ ਦਰਜੇ ਦੇ ਰਹਿਣਗੇ। ਲੋਕਾਂ ਨੂੰ ਸਿਰਫ਼ ਉਪਯੋਗਤਾ ਦੇ ਦ੍ਰਿਸ਼ਟੀਕੋਣ ਤੋਂ ਹੀ ਵੱਖਰਾ ਕੀਤਾ ਜਾ ਸਕਦਾ ਹੈ। ਨਹੀਂ ਤਾਂ, ਉਨ੍ਹਾਂ ਦਾ ਦਰਜਾ ਬਰਾਬਰ ਹੋਣਾ ਚਾਹੀਦਾ ਹੈ। ਇਸੇ ਲਈ, ਇਸ ਅਸੈਂਬਲੀ ਦੀ ਰਾਏ ਵਿੱਚ, ਰਾਜ ਦੇ ਮਾਮਲਿਆਂ ਅਤੇ ਜਨਤਕ ਵਿਵਹਾਰ ਵਿੱਚ ਸਮਾਨਤਾ ਦੇ ਸਿਧਾਂਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਕੋਈ ਵੀ ਨੀਤੀ ਜਾਂ ਵਿਚਾਰ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ।

(ii) ਰਾਜ ਪ੍ਰਣਾਲੀ ਅਤੇ ਸਮਾਜਿਕ ਪ੍ਰਣਾਲੀ ਦਾ ਅੰਤਮ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਮਨੁੱਖਾਂ ਦੇ ਇਹ ਉੱਪਰ ਦੱਸੇ ਗਏ ਜਨਮ ਅਧਿਕਾਰ ਬਰਕਰਾਰ ਰਹਿਣ। ਇਸ ਲਈ, ਇਹ ਅਸੈਂਬਲੀ ਹਿੰਦੂ ਸਮਾਜ ਦੇ ਅਸਮਾਨਤਾ-ਅਧਾਰਤ ਢਾਂਚੇ ਅਤੇ ਪ੍ਰਾਚੀਨ ਅਤੇ ਆਧੁਨਿਕ ਗ੍ਰੰਥਾਂ ਦੇ ਸ਼ਬਦਾਂ ਦੀ ਸਖ਼ਤ ਨਿੰਦਾ ਕਰਦੀ ਹੈ ਜੋ ਅਜਿਹੀ ਬਣਤਰ ਨੂੰ ਸਵੀਕਾਰ ਕਰਦੇ ਹਨ।

(iii) ਸਮੁੱਚੀ ਜਨਤਾ ਸਾਰੇ ਅਧਿਕਾਰਾਂ ਅਤੇ ਸ਼ਕਤੀ ਦਾ ਸਰੋਤ ਹੈ। ਕਿਸੇ ਵਿਅਕਤੀ, ਭਾਈਚਾਰੇ ਜਾਂ ਵਰਗ ਦੇ ਵਿਸ਼ੇਸ਼ ਅਧਿਕਾਰਾਂ ਨੂੰ ਕਿਸੇ ਵੀ ਆਧਾਰ 'ਤੇ ਮਾਨਤਾ ਨਹੀਂ ਦਿੱਤੀ ਜਾ ਸਕਦੀ, ਭਾਵੇਂ ਉਹ ਰਾਜਨੀਤਿਕ ਹੋਵੇ ਜਾਂ ਧਾਰਮਿਕ, ਜੇਕਰ ਉਹ ਬਹੁਜਨ ਸਮਾਜ ਦੁਆਰਾ ਪ੍ਰਦਾਨ ਨਹੀਂ ਕੀਤੇ ਜਾਂਦੇ ਹਨ। ਇਸ ਲਈ ਇਹ ਅਸੈਂਬਲੀ ਸਮਾਜਿਕ ਪ੍ਰਣਾਲੀ ਸੰਬੰਧੀ ਸ਼ਰੂਤੀ, ਸਮ੍ਰਿਤੀ, ਪੁਰਾਣ ਆਦਿ ਗ੍ਰੰਥਾਂ ਦਾ ਸਖ਼ਤ ਵਿਰੋਧ ਕਰਦੀ ਹੈ।

(iv) ਹਰ ਵਿਅਕਤੀ ਆਪਣੇ ਜਨਮ ਅਧਿਕਾਰ ਅਨੁਸਾਰ ਵਿਵਹਾਰ ਕਰਨ ਲਈ ਸੁਤੰਤਰ ਹੈ। ਜੇਕਰ ਇਸ 'ਤੇ ਕੋਈ ਸੀਮਾ ਨਿਰਧਾਰਤ ਕੀਤੀ ਜਾਂਦੀ ਹੈ, ਤਾਂ ਇਹ ਸਿਰਫ ਉਸ ਹੱਦ ਤੱਕ ਨਿਰਧਾਰਤ ਕੀਤੀ ਜਾ ਸਕਦੀ ਹੈ ਕਿ ਕਿਸੇ ਹੋਰ ਵਿਅਕਤੀ ਨੂੰ ਉਸੇ ਤਰ੍ਹਾਂ ਦੇ ਜਨਮ ਅਧਿਕਾਰ ਦਾ ਆਨੰਦ ਲੈਣ ਦਾ ਮੌਕਾ ਮਿਲੇ। ਇਹ ਸੀਮਾ ਲੋਕਾਂ ਦੁਆਰਾ ਬਣਾਏ ਗਏ ਕਾਨੂੰਨਾਂ ਦੁਆਰਾ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ। ਇਸਨੂੰ ਧਰਮ ਗ੍ਰੰਥਾਂ ਜਾਂ ਕਿਸੇ ਹੋਰ ਆਧਾਰ 'ਤੇ ਨਹੀਂ ਰੱਖਿਆ ਜਾਣਾ ਚਾਹੀਦਾ। ਇਸ ਲਈ, ਅਸ਼ਟਧਿਕਾਰ ਵਰਗੇ ਮਾਮਲਿਆਂ ਵਾਂਗ, ਇਹ ਸਭਾ ਵੱਖ-ਵੱਖ ਜਾਤਾਂ ਵਿੱਚ ਸਥਾਪਤ ਅਸਮਾਨ ਪ੍ਰਣਾਲੀ ਦੀ ਨਿੰਦਾ ਕਰਦੀ ਹੈ।

(v) ਕਾਨੂੰਨੀ ਪਾਬੰਦੀਆਂ ਸਿਰਫ਼ ਉਨ੍ਹਾਂ ਚੀਜ਼ਾਂ 'ਤੇ ਲਗਾਈਆਂ ਜਾਣੀਆਂ ਚਾਹੀਦੀਆਂ ਹਨ ਜੋ ਸਮਾਜ ਲਈ ਨੁਕਸਾਨਦੇਹ ਹਨ। ਹਰ ਕਿਸੇ ਨੂੰ ਉਹ ਕੰਮ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਜੋ ਕਾਨੂੰਨ ਦੁਆਰਾ ਵਰਜਿਤ ਨਹੀਂ ਹਨ। ਇਸੇ ਤਰ੍ਹਾਂ, ਕਿਸੇ ਨੂੰ ਵੀ ਉਹ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਜੋ ਕਾਨੂੰਨ ਦੁਆਰਾ ਜ਼ਰੂਰੀ ਨਹੀਂ ਸਮਝੇ ਜਾਂਦੇ। ਇਸ ਲਈ, ਇਹ ਅਸੈਂਬਲੀ ਮੰਨਦੀ ਹੈ ਕਿ ਜੋ ਲੋਕ ਅਜਿਹੀਆਂ ਪਾਬੰਦੀਆਂ ਲਗਾਉਂਦੇ ਹਨ ਉਹ ਸੁਚੱਜੇ ਢੰਗ ਨਾਲ ਸੰਗਠਿਤ ਸਮਾਜ ਅਤੇ ਨਿਆਂ ਦੇ ਦੁਸ਼ਮਣ ਹਨ।

(vi) ਕਾਨੂੰਨ ਦਾ ਅਰਥ ਕਿਸੇ ਖਾਸ ਵਰਗ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਨਹੀਂ ਹਨ। ਇਹ ਫੈਸਲਾ ਕਰਨ ਦਾ ਅਧਿਕਾਰ ਕਿ ਇਹ ਕਿਸ ਤਰ੍ਹਾਂ ਦਾ ਕਾਨੂੰਨ ਹੋਣਾ ਚਾਹੀਦਾ ਹੈ, ਪੂਰੀ ਜਨਤਾ ਜਾਂ ਇਸਦੇ ਪ੍ਰਤੀਨਿਧੀ ਦਾ ਹੋਣਾ ਚਾਹੀਦਾ ਹੈ। ਭਾਵੇਂ ਕਾਨੂੰਨ ਸੁਰੱਖਿਆ ਨਾਲ ਸਬੰਧਤ ਹੋਵੇ ਜਾਂ ਪ੍ਰਸ਼ਾਸਨਿਕ, ਇਹ ਸਾਰਿਆਂ 'ਤੇ ਬਰਾਬਰ ਲਾਗੂ ਹੋਣਾ ਚਾਹੀਦਾ ਹੈ। ਸਮਾਜ ਨੂੰ ਸਮਾਨਤਾ ਦੀ ਨੀਂਹ 'ਤੇ ਬਣਾਇਆ ਜਾਣਾ ਚਾਹੀਦਾ ਹੈ। ਇਸ ਲਈ, ਜਾਤ ਬਰਾਬਰੀ ਦੇ ਅਧਿਕਾਰਾਂ ਅਤੇ ਕਿੱਤੇ ਆਦਿ ਦੇ ਮਾਮਲੇ ਵਿੱਚ ਰੁਕਾਵਟ ਨਹੀਂ ਹੋਣੀ ਚਾਹੀਦੀ। ਵਿਤਕਰਾ ਸਿਰਫ਼ ਵਿਅਕਤੀ ਦੇ ਗੁਣਾਂ ਵਿੱਚ ਅੰਤਰ ਕਰਕੇ ਹੋਣਾ ਚਾਹੀਦਾ ਹੈ, ਨਾ ਕਿ ਉਸਦੇ ਜਨਮ ਕਾਰਨ। ਇਸ ਲਈ, ਇਹ ਅਸੈਂਬਲੀ ਪ੍ਰਚਲਿਤ ਜਾਤੀ ਪ੍ਰਣਾਲੀ ਅਤੇ ਇਸਦੇ ਨਾਲ ਆਉਣ ਵਾਲੀਆਂ ਅਸਮਾਨਤਾਵਾਂ ਅਤੇ ਵੰਡਾਂ ਦਾ ਸਖ਼ਤ ਵਿਰੋਧ ਪ੍ਰਗਟ ਕਰਦੀ ਹੈ।

ਡਾ. ਸੀਤਾਰਾਮ ਨਾਮਦੇਵ ਸ਼ਿਵਤਾਰਕਰ ਦੁਆਰਾ ਪੇਸ਼ ਕੀਤਾ ਗਿਆ ਪ੍ਰਸਤਾਵ

ਸਮਰਥਨ: ਆਰ. ਭਾਉ ਕ੍ਰਿਸ਼ਨ ਗਾਇਕਵਾੜ
ਪੁਸ਼ਟੀ: ਆਰ. ਐਨ. ਟੀ. ਜਾਧਵ
ਪ੍ਰਵਾਨਗੀ: ਸ਼੍ਰੀਮਤੀ ਗੰਗਾਬਾਈ ਸਾਵੰਤ

### ਦੂਜਾ ਪ੍ਰਸਤਾਵ

ਉਹ ਚੀਜ਼ਾਂ ਜੋ ਸ਼ੂਦਰ ਜਾਤੀਆਂ ਦਾ ਅਪਮਾਨ ਕਰਦੀਆਂ ਹਨ, ਜੋ ਉਨ੍ਹਾਂ ਦੇ ਵਿਕਾਸ ਨੂੰ ਰੋਕਦੀਆਂ ਹਨ, ਜੋ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਤਬਾਹ ਕਰਦੀਆਂ ਹਨ ਅਤੇ ਜੋ ਉਨ੍ਹਾਂ ਦੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਗੁਲਾਮੀ ਸਥਾਪਤ ਕਰਦੀਆਂ ਹਨ, ਜਿਨ੍ਹਾਂ ਨੂੰ ਨੁਕਸਾਨਦੇਹ ਮੰਨਿਆ ਜਾ ਰਿਹਾ ਹੈ, ਮਨੁਸਮ੍ਰਿਤੀ ਵਿੱਚ ਉਹ ਧੋਖੇਬਾਜ਼ ਚਾਲਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ, ਵੰਡ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਉਨ੍ਹਾਂ ਦੀ ਤੁਲਨਾ ਸਾਰੇ ਹਿੰਦੂਆਂ ਦੇ ਜਨਮ ਅਧਿਕਾਰਾਂ ਦੀ ਘੋਸ਼ਣਾ ਵਿੱਚ ਸ਼ਾਮਲ ਤੱਤਾਂ ਨਾਲ ਕੀਤੀ ਜਾ ਰਹੀ ਹੈ, ਇਹ ਧਾਰਮਿਕ ਗ੍ਰੰਥ ਇਸ ਪਵਿੱਤਰ ਨਾਮ ਦੇ ਯੋਗ ਨਹੀਂ ਹੈ, ਇਸ ਰਾਏ ਨੂੰ ਪ੍ਰਗਟ ਕਰਨ ਲਈ, ਇਹ ਸਭਾ ਉਸ ਧਾਰਮਿਕ ਗ੍ਰੰਥ ਨੂੰ ਸਾੜ ਰਹੀ ਹੈ ਜੋ ਲੋਕਾਂ ਵਿੱਚ ਵੰਡ ਪੈਦਾ ਕਰਦਾ ਹੈ ਅਤੇ ਮਨੁੱਖਤਾ ਨੂੰ ਮਾਰਦਾ ਹੈ।

ਪ੍ਰਸਤਾਵ ਪੇਸ਼ ਕਰਨ ਵਾਲੇ - ਸ਼੍ਰੀ ਗੰਗਾਧਰ ਨੀਲਕੰਠ ਸਹਸਤ੍ਰਬੁੱਧੇ
ਸਮਰਥਿਤ - ਆਰ. ਰਾਜਭੋਜ
ਪੁਸ਼ਟੀ ਕੀਤੀ - ਆਰ. ਥੋਰਾਟ

(ਜਾਣਕਾਰੀ - ਇਸ ਪ੍ਰਸਤਾਵ ਵਿੱਚ ਕਹੇ ਗਏ ਸ਼ਬਦ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ। ਸੰਪਾਦਕ, "ਬਹਿਸ਼ਕ੍ਰਿਤ ਭਾਰਤ")

### ਤੀਜਾ ਪ੍ਰਸਤਾਵ

ਹਿੰਦੂ ਧਰਮ ਦੇ ਸਾਰੇ ਲੋਕਾਂ ਨੂੰ ਇੱਕੋ ਜਾਤੀ ਦੇ ਮੰਨਿਆ ਜਾਣਾ ਚਾਹੀਦਾ ਹੈ। ਇਸ ਵਰਗ ਨੂੰ ਹਿੰਦੂ ਦੇ ਨਾਮ ਨਾਲ ਸੰਬੋਧਿਤ ਅਤੇ ਪਛਾਣਿਆ ਜਾਣਾ ਚਾਹੀਦਾ ਹੈ। ਪ੍ਰੀਸ਼ਦ ਦੀ ਰਾਏ ਅਨੁਸਾਰ, ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਆਦਿ ਵਰਗਾਂ ਦੇ ਨਾਵਾਂ ਨਾਲ ਜਾਂ ਮਹਾਰ, ਮੰਗ ਆਦਿ ਜਾਤੀ ਦੇ ਆਧਾਰ 'ਤੇ ਨਾਂਵਾਂ ਨਾਲ ਜੋੜਨ 'ਤੇ ਕਾਨੂੰਨੀ ਪਾਬੰਦੀ ਹੋਣੀ ਚਾਹੀਦੀ ਹੈ। ਜੇਕਰ ਲੋੜ ਹੋਵੇ, ਤਾਂ ਆਪਣੇ ਆਪ ਨੂੰ ਪੇਸ਼ੇ ਦੇ ਆਧਾਰ 'ਤੇ ਸ਼ਿੰਪੀ (ਦਰਜ਼ੀ), ਸੋਨਾਰ (ਸੁਨਿਆਰ), ਮਾਲੀ ਆਦਿ ਕਹਿਣ ਅਤੇ ਮਰਾਠਾ, ਕੋਕਣਸਥ (ਕੋਕਨ ਦਾ ਨਿਵਾਸੀ), ਦੇਸ਼ਸਥ (ਦੇਸ਼ ਦਾ ਨਿਵਾਸੀ) ਆਦਿ ਦੇ ਨਾਵਾਂ ਨੂੰ ਪ੍ਰਾਂਤ

"ਇਕੁਐਲਿਟੀ ਐਂਡ ਜਸਟਿਸ"
"Equality and Justice" Rs- 100/month ਸਵਤੰਤ੍ਰਤਾ, ਸਮਾਨਤਾ, ਭਾਈਚਾਰਾ

ਨਿਰਦੇਸ਼ ਜਾਂ ਦੇਸ਼ ਨਿਰਦੇਸ਼ ਕਹਿਣ ਵਿੱਚ ਕੋਈ ਇਤਰਾਜ਼ ਨਹੀਂ ਹੈ।

ਪ੍ਰਸਤਾਵ ਪੇਸ਼ ਕਰਨ ਵਾਲੇ - ਡਾ. ਕੋਂਡੀਰਾਮ ਖੇਲਵਾਡੀਕਰ
ਦੂਜਾ - ਸ਼੍ਰੀ ਸੂਬੇਦਾਰ ਘਾਟਗੇ
ਪੁਸ਼ਟੀ ਕੀਤੀ ਗਈ - ਡਾ. ਨਿਰਮਲ ਗੰਗਾਵਣੇ
ਮੁੜ-ਪ੍ਰਵਾਨਗੀ - ਧੋਂਡੀਰਾਮ ਨਾਰਾਇਣ ਗਾਇਕਵਾੜ

### ਚੌਥਾ ਪ੍ਰਸਤਾਵ:

ਪਰਿਸ਼ਦ ਦਾ ਵਿਚਾਰ ਹੈ ਕਿ

(1) ਧਰਮਧਿਕਾਰੀ ਸੰਸਥਾ ਨੂੰ ਲੋਕਾਂ ਦੀ ਰਾਇ ਅਨੁਸਾਰ ਚਲਾਇਆ ਜਾਣਾ ਚਾਹੀਦਾ ਹੈ ਅਤੇ ਲੋਕਾਂ ਦੁਆਰਾ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

(2) ਹਰੇਕ ਹਿੰਦੂ ਨੂੰ ਇਸ ਪੇਸ਼ੇ ਨੂੰ ਸਵੀਕਾਰ ਕਰਨ ਅਤੇ ਇਸ ਲਈ ਆਪਣੇ ਆਪ ਨੂੰ ਯੋਗ ਬਣਾਉਣ ਦਾ ਅਧਿਕਾਰ ਅਤੇ ਮੌਕਾ ਹੋਣਾ ਚਾਹੀਦਾ ਹੈ।

(3) ਧਰਮਧਿਕਾਰਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਫਿਰ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਜਾਣੇ ਚਾਹੀਦੇ ਹਨ। ਜਿਸ ਕਿਸੇ ਵੀ ਵਿਅਕਤੀ ਨੂੰ ਸਰਟੀਫਿਕੇਟ ਨਹੀਂ ਮਿਲਦਾ, ਉਸਨੂੰ ਧਰਮਧਿਕਾਰੀ ਕਹਾਉਣ ਜਾਂ ਇਸ ਨਾਲ ਸਬੰਧਤ ਰਸਮਾਂ ਕਰਨ ਤੋਂ ਕਾਨੂੰਨੀ ਤੌਰ 'ਤੇ ਵਰਜਿਤ ਕੀਤਾ ਜਾਣਾ ਚਾਹੀਦਾ ਹੈ।

(4) ਧਰਮਧਿਕਾਰਾਂ ਦੀ ਯੋਜਨਾ ਗ੍ਰਾਮ ਧਰਮਧਿਕਾਰੀ, ਤਹਿਸੀਲ ਧਰਮਧਿਕਾਰੀ ਅਤੇ ਪ੍ਰਾਂਤ ਧਰਮਧਿਕਾਰੀ ਵਾਂਗ ਬਣਾਈ ਜਾਣੀ ਚਾਹੀਦੀ ਹੈ।

(5) ਉੱਪਰ ਦੱਸੇ ਅਨੁਸਾਰ ਨਿਯੁਕਤ ਅਧਿਕਾਰੀ ਨੂੰ ਧਾਰਮਿਕ ਰਸਮਾਂ ਨਿਭਾਉਣ ਲਈ ਦੱਖਣੀਨਾ ਜਾਂ ਕਿਸੇ ਹੋਰ ਕਿਸਮ ਦਾ ਮਿਹਨਤਾਨਾ ਜਾਂ ਇਨਾਮ ਦੇਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਇਸ ਦੀ ਬਜਾਏ, ਸਾਰੇ ਵਿਭਾਗਾਂ ਦੀ ਸਰਕਾਰੀ ਸ਼੍ਰੇਣੀ ਦੇ ਅਨੁਸਾਰ, ਇਸ ਵਿਭਾਗ ਦੇ ਅਧਿਕਾਰੀਆਂ, ਛੋਟੇ ਅਤੇ ਵੱਡੇ, ਨੂੰ ਵੀ ਸਰਕਾਰੀ ਕਰਮਚਾਰੀ ਮੰਨਿਆ ਜਾਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਸਰਕਾਰ ਦੁਆਰਾ ਢੁਕਵੀਂ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ।

ਪ੍ਰਸਤਾਵ ਪੇਸ਼ ਕੀਤਾ ਗਿਆ - ਆਰ. ਪਤਿਤ ਪਵਨ ਦਾਸ ਬੁਵਾ
ਪ੍ਰਵਾਨਿਤ - ਆਰ. ਗਿਰਿਜਾ ਸ਼ੰਕਰ ਸ਼ਿਵਦਾਸ
ਪੁਸ਼ਟੀ ਕੀਤੀ ਗਈ - ਆਰ. ਚਾਵਰੇ ਮਾਸਟਰ,
ਪੁਸ਼ਟੀ ਕੀਤੀ ਗਈ - ਆਰ. ਰਾਘੋ ਨਾਰਾਇਣ ਵਨਮਾਲੀ

ਇਸ ਪ੍ਰਸਤਾਵ 'ਤੇ ਬਹੁਤ ਸੋਚ-ਵਿਚਾਰ ਕਰਨ ਵਾਲੇ ਅਤੇ ਮਨ ਨੂੰ ਉਡਾਉਣ ਵਾਲੇ ਭਾਸ਼ਣ ਦਿੱਤੇ ਗਏ ਸਨ।'

ਸੱਤਿਆਗ੍ਰਹਿ ਮੀਟਿੰਗ ਵਿੱਚ, ਛੇ ਕਾਰੀਗਰ ਮਨੁਸਮ੍ਰਿਤੀ ਲਈ ਜਲਣ ਵਾਲੀ ਜ਼ਮੀਨ ਤਿਆਰ ਕਰਨ ਲਈ ਦੋ ਦਿਨਾਂ ਤੋਂ ਸਖ਼ਤ ਮਿਹਨਤ ਕਰ ਰਹੇ ਸਨ। ਛੇ ਇੰਚ ਡੂੰਘਾ ਅਤੇ ਲਗਭਗ ਡੇਢ ਫੁੱਟ ਚੌੜਾ ਅਤੇ ਲੰਬਾ ਟੋਆ ਪੁੱਟਿਆ ਗਿਆ ਸੀ ਅਤੇ ਚੰਦਨ ਦੀਆਂ ਲੱਕੜਾਂ ਨਾਲ ਭਰਿਆ ਗਿਆ ਸੀ। ਚਾਰੇ ਕੋਨਿਆਂ 'ਤੇ ਚਾਰ ਫੁੱਟ ਲੰਬਾਈ ਦੇ ਚਾਰ ਥੰਮ੍ਹ ਬਣਾਏ ਗਏ ਸਨ। ਤਿੰਨ ਪਾਸੇ ਝੰਡੇ ਲਗਾਏ ਗਏ ਸਨ, ਜਿਨ੍ਹਾਂ 'ਤੇ "ਮਨੁਸਮ੍ਰਿਤੀ ਲਈ ਜਲਣ ਵਾਲੀ ਜ਼ਮੀਨ", "ਛੂਤਛਾਤ ਨੂੰ ਨਸ਼ਟ ਕਰੋ", "ਪੁਜਾਰੀਵਾਦ ਨੂੰ ਦਫ਼ਨਾਓ" ਆਦਿ ਵਰਗੇ ਨਾਅਰੇ ਲਿਖੇ ਗਏ ਸਨ। 25 ਦਸੰਬਰ, 1927 ਨੂੰ ਰਾਤ 9 ਵਜੇ, ਬਾਪੂਸਾਹਿਬ ਸਹਸਤਰਬੁੱਧੇ ਅਤੇ ਪੰਜ ਤੋਂ ਛੇ ਹੋਰ ਅਛੂਤ ਸਾਧੂਆਂ ਦੁਆਰਾ ਮਨੁਸਮ੍ਰਿਤੀ ਦੀ ਪੋਥੀ ਨੂੰ ਸ਼ਮਸ਼ਾਨਘਾਟ 'ਤੇ ਰੱਖਿਆ ਗਿਆ ਅਤੇ ਸਾੜ ਦਿੱਤਾ ਗਿਆ।

ਇਸ ਤੋਂ ਬਾਅਦ, ਪਹਿਲੇ ਦਿਨ ਦਾ ਕੰਮ ਖਤਮ ਹੋ ਗਿਆ।

# 55 ਲੱਖ ਪੰਜਾਬੀਆਂ ਦਾ ਮੁਫ਼ਤ ਰਾਸ਼ਨ ਬੰਦ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ ਕੇਂਦਰ ਸਰਕਾਰ-ਮੁੱਖ ਮੰਤਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਅਗਸਤ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜਨਤਕ ਵੰਡ ਪ੍ਰਣਾਲੀ ਤਹਿਤ 55 ਲੱਖ ਪੰਜਾਬੀਆਂ ਨੂੰ ਮੁਫਤ ਅਨਾਜ ਸਕੀਮ ਤੋਂ ਵਾਂਝਾ ਰੱਖਣ ਦੇ ਫੈਸਲੇ ਨੂੰ ਪੰਜਾਬ ਵਿਰੋਧੀ ਕਦਮ ਦੱਸਦਿਆਂ ਭਾਰਤੀ ਜਨਤਾ ਪਾਰਟੀ ਦੀ ਸਖ਼ਤ ਅਲੋਚਨਾ ਕੀਤੀ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੂਬੇ ਵਿੱਚ ਕੁੱਲ ਇਕ ਕਰੋੜ 53 ਲੱਖ ਰਾਸ਼ਨ ਕਾਰਡਾਂ ਵਿੱਚੋਂ 55 ਲੱਖ ਲੋਕਾਂ ਨੂੰ ਦਿੱਤੇ ਜਾ ਰਹੇ ਮੁਫ਼ਤ ਰਾਸ਼ਨ ਨੂੰ ਬੰਦ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੇ.ਵਾਈ.ਸੀ. ਦੀ ਰਜਿਸਟ੍ਰੇਸ਼ਨ ਨਾ ਹੋਣ ਬਹਾਨਾ ਬਣਾ ਕੇ ਜੁਲਾਈ ਮਹੀਨੇ ਵਿੱਚ 23 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕਰ ਦਿੱਤਾ ਗਿਆ ਹੈ ਜਦਕਿ 32 ਲੱਖ ਹੋਰ ਲੋਕਾਂ ਦਾ ਮੁਫਤ ਰਾਸ਼ਨ 30 ਸਤੰਬਰ ਤੋਂ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਮਨਸੂਬਿਆਂ ਵਿੱਚ ਕਦੇ ਵੀ ਸਫਲ ਨਹੀਂ ਹੋਵੇਗੀ ਅਤੇ ਉਹ ਸੂਬੇ ਵਿੱਚ ਇਕ ਵੀ ਕਾਰਡ ਰੱਦ ਨਹੀਂ ਹੋਣ ਦੇਣਗੇ। ਭਾਜਪਾ ਲੋਕ ਪੱਖੀ ਹੋਣ ਦੇ ਵੱਡੇ ਦਾਅਵੇ ਕਰਦੀ ਹੈ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਸ਼ ਦੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੀਆਂ ਸ਼ੇਖੀਆਂ ਤਾਂ ਮਾਰਦੀ ਹੈ ਜਦਕਿ ਪੰਜਾਬ ਵਿੱਚ 8 ਲੱਖ 2 ਹਜ਼ਾਰ 493 ਰਾਸ਼ਨ ਕਾਰਡ ਰੱਦ ਕਰਨ ਦੀਆਂ ਘਟੀਆ ਚਾਲਾਂ ਚੱਲੀਆਂ ਜਾ ਰਹੀਆਂ ਹੈ। ਕੇਂਦਰ ਦੇ ਇਸ ਫੈਸਲੇ ਨਾਲ ਸੂਬੇ ਦੇ 32 ਲੱਖ ਲੋਕਾਂ ਨੂੰ ਮੁਫਤ ਰਾਸ਼ਨ ਦੇ ਹੱਕ ਤੋਂ ਮਹਿਰੂਮ ਕਰ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਭਾਜਪਾ ਨੂੰ ਘੇਰਦਿਆਂ ਕਿਹਾ ਕਿ 'ਵੋਟ ਚੋਰੀ' ਤੋਂ ਬਾਅਦ 'ਰਾਸ਼ਨ ਚੋਰੀ' ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਫ਼ਤ ਰਾਸ਼ਨ ਬੰਦ ਕਰਨ ਲਈ ਵਿਸ਼ੇਸ਼ ਤੌਰ ਉਤੇ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਨੇ ਅਨਾਜ ਉਤਪਾਦਨ ਵਿੱਚ ਦੇਸ਼ ਨੂੰ ਆਤਮ ਨਿਰਭਰ ਬਣਾਉਣ ਵਿੱਚ ਸਭ ਤੋਂ ਯੋਗਦਾਨ ਪਾਇਆ ਹੈ।

# ਪੰਜਾਬ ਸਰਕਾਰ ਦਰਜਾ ਚਾਰ ਅਸਾਮੀਆਂ ਦੀ ਰੈਗੂਲਰ ਭਰਤੀ ਕਰੇ ,--ਚਮਕੌਰ ਸਿੰਘ ਵੀਰ

## ਨਵੇਂ ਮੁਲਾਜ਼ਮਾਂ ਦਾ ਪਰਖ ਕਾਲ ਤਿੰਨ ਸਾਲ ਦੀ ਬਜਾਏ ਇਕ ਸਾਲ ਹੋਵੇ ਅਤੇ ਤਨਖਾਹ ਪੂਰੀ ਮਿਲੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਗਸਤ INTERNATIONAL PAPER, 94636 01616 hardipchumber57@gmail.com



ਸੰਗਰੂਰ( )ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ ਚਮਕੌਰ ਸਿੰਘ ਵੀਰ ਅਤੇ ਡਾਕਟਰ ਮੱਖਣ ਸਿੰਘ ਨੇ ਸਾਂਝੇ ਤੌਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜੋ ਕਾਂਗਰਸ ਅਕਾਲੀ ਭਾਜਪਾ ਸਰਕਾਰਾਂ ਨੇ ਦਰਜਾ ਚਾਰ ਅਸਾਮੀਆਂ ਨੂੰ ਠੇਕੇ ਤੇ ਕੀਤਾ ਹੋਇਆ ਹੈ ਉਹਨਾਂ ਨੂੰ ਠੇਕੇ ਦੀ ਬਿਜਾਏ ਰੈਗੂਲਰ ਭਰਤੀ ਕੀਤੀ ਜਾਵੇ ਪਹਿਲਾਂ ਸਾਰੇ ਸਰਕਾਰੀ ਦਫਤਰਾਂ ਵਿੱਚ ਸੇਵਾਦਾਰ ਕਮ ਚੌਂਕੀਦਾਰ, ਮਾਲੀ, ਕੁਕ, ਮੇਟ, ਸਫਾਈ ਸੇਵਕ ਪੱਕੇ ਤੌਰ ਤੇ ਰੱਖੇ ਜਾਂਦੇ ਸਨ ਪ੍ਰੰਤੂ ਸਰਮਾਏਦਾਰ ਪਾਰਟੀਆਂ ਨੇ ਕਲਾਸ ਫੋਰ ਮੁਲਾਜਮਾਂ ਦੇ ਪੇਟ ਵਿੱਚ ਲੱਤ ਮਾਰੀ ਹੈ, ਉਹਨਾਂ ਨਾਲ ਘੋਰ ਬੇਇਨਸਾਫੀ ਕੀਤੀ ਹੈ।ਸ੍ਰ ਚਮਕੌਰ ਸਿੰਘ ਵੀਰ ਅਤੇ ਡਾ ਮੱਖਣ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਿੰਨੇ ਵੀ ਨਵੇਂ ਮੁਲਾਜ਼ਮ ਭਰਤੀ ਕੀਤੇ ਜਾਂਦੇ ਹਨ ਉਹਨਾਂ ਦਾ ਪਰਖ ਕਾਲ ਦਾ ਸਮਾਂ ਇਕ ਸਾਲ ਦਾ ਹੋਵੇ ਅਤੇ ਉਹਨਾਂ ਨੂੰ ਬੇਸਿਕ ਤਨਖਾਹ ਦੀ ਬਜਾਏ ਪੂਰੀ ਤਨਖਾਹ ਦਿੱਤੀ ਜਾਵੇ, ਜਦੋਂ ਕਿ ਦਰਜਾ ਇੱਕ ਤੇ ਦੋ ਵਿੱਚ ਪੂਰੀ ਤਨਖਾਹ ਦਿੱਤੀ ਜਾਂਦੀ ਹੈ ਇਹ ਦਰਜਾ ਤਿੰਨ ਤੇ ਦਰਜਾ ਚਾਰ ਮੁਲਾਜ਼ਮਾਂ ਨਾਲ ਸ਼ਰੇਆਮ ਧੋਖਾ ਹੈ ਇਸ ਸਮੇਂ ਉਹਨਾਂ ਦੇ ਨਾਲ ਸੂਬੇਦਾਰ ਰਣਧੀਰ ਸਿੰਘ ਨਾਗਰਾ, ਸਤਿਗੁਰ ਸਿੰਘ ਕੌਹਰੀਆਂ, ਨਿਰਮਲ ਸਿੰਘ ਮੱਟੂ, ਗੁਰਮੇਲ ਸਿੰਘ ਰੰਗੀਲਾ, ਗੁਰਦੇਵ ਸਿੰਘ ਘਾਬਦਾਂ, ਲਾਭ ਸਿੰਘ ਮੰਗਵਾਲ ਆਦ ਮੌਜੂਦ ਸਨ।

# ਸਿਹਤਮੰਦ ਜੀਵਨ ਲਈ ਖੇਡਾਂ ਅਤਿ ਜ਼ਰੂਰੀ - ਕ੍ਰਿਤਿਕਾ ਗੋਇਲ

## ਐਸ.ਡੀ.ਐਮ. ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਗਸਤ INTERNATIONAL PAPER, 94636 01616 hardipchumber57@gmail.com




ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਖੇਡ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਜੇ.ਐਸ.ਐਫ.ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਫੁੱਟਬਾਲ ਮੈਚ ਕਰਵਾਇਆ ਗਿਆ ਜਿਥੇ ਬਲਾਚੌਰ ਦੇ ਐਸ.ਡੀ. ਐਮ. ਕ੍ਰਿਤਿਕਾ ਗੋਇਲ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਸਿਹਤਮੰਦ ਜੀਵਨ ਲਈ ਖੇਡਾਂ ਦੇ ਮਹੱਤਵ ਬਾਰੇ ਦੱਸਿਆ। ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਖੇਡਾਂ ਨਾਲ ਜੁੜ ਕੇ ਨਾ ਸਿਰਫ਼ ਆਪਣੀ ਸ਼ਖਸ਼ੀਅਤ ਦੇ ਚਹੁੰਮੁਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ ਸਗੋਂ ਖੇਡਾਂ ਦੇ ਪਾਸਾਰ ਨਾਲ ਨਸ਼ਿਆਂ ਦੀ ਅਲਾਮਤ ਨੂੰ ਵੀ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦੇਸ਼ ਦੀ ਝੋਲੀ ਵਿੱਚ ਬਹੁਤ ਸਾਰੇ ਖਿਡਾਰੀ ਪਾਉਂਦਿਆਂ ਦੁਨੀਆ ਦੇ ਖੇਡ ਨਕਸ਼ੇ ‘ਤੇ ਵੱਖਰੀ ਪਛਾਣ ਕਾਇਮ ਕੀਤੀ ਹੈ ਅਤੇ ਨੌਜਵਾਨ ਪੀੜੀ ਨੂੰ ਵੀ ਪੰਜਾਬ ਦੀ ਖੇਡ ਵਿਰਾਸਤ ਨੂੰ ਅੱਗੇ ਤੋਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਖੇਡ ਵਿਭਾਗ ਨਾਲ ਮਿਲ ਕੇ ਜ਼ਿਲ੍ਹੇ ਵਿੱਚ ਸਮੇਂ ਸਮੇਂ ‘ਤੇ ਖੇਡ ਸਰਗਰਮੀਆਂ ਕਰਵਾਏਗਾ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਪਸੰਦੀਦਾ ਖੇਡਾਂ ਨਾਲ ਜੋੜਿਆ ਜਾ ਸਕੇ। ਪੰਜਾਬ ਸਰਕਾਰ ਵੱਲੋਂ ਇਸ ਸਾਲ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਬਾਰੇ ਗੱਲ ਕਰਦਿਆਂ ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਇਸ ਵਾਰ ਬਲਾਕ, ਜਿਲ੍ਹਾ ਅਤੇ ਰਾਜ ਪੱਧਰੀ ਖੇਡਾਂ 03 ਸਤੰਬਰ ਤੋਂ 23 ਨਵੰਬਰ ਤੱਕ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਖੇਡਾਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ। ਉਨ੍ਹਾਂ ਦੱਸਿਆ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਲਾਕ ਪੱਧਰੀ ਖੇਡਾਂ 4 ਸਤੰਬਰ ਤੋਂ 12 ਸਤੰਬਰ ਤੱਕ ਵੱਖ-ਵੱਖ ਬਲਾਕਾਂ ਵਿੱਚ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਲਾਕ ਨਵਾਸ਼ਹਿਰ ਵਿੱਚ 04-05 ਸਤੰਬਰ, ਬਲਾਕ ਬਲਾਚੌਰ ਅਤੇ ਸੜੋਆ ਵਿੱਚ 08-09 ਸਤੰਬਰ ਅਤੇ ਬਲਾਕ ਬੰਗਾ ਵਿਖੇ 11-12 ਸਤੰਬਰ ਨੂੰ ਵੱਖ-ਵੱਖ ਉਮਰ ਵਰਗ ਦੀਆਂ ਖੇਡਾਂ ਹੋਣਗੀਆਂ। ਜਿਨ੍ਹਾਂ ਵਿੱਚ ਅਥਲੈਟਿਕਸ, ਵਾਲੀਬਾਲ, ਸ਼ੂਟਿੰਗ ਤੇ ਵਾਲੀਬਾਲ ਸ਼ਮੇਸ਼ਿੰਗ, ਕਬੱਡੀ ਸਰਕਲ, ਖੋ-ਖੋ ਸ਼ਾਮਲ ਹਨ।

# 13 ਸਤੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਦੀ ਤਿਆਰੀ ਸਬੰਧੀ ਜਥੇਬੰਦੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ,,- , ਹਰਪਾਲ ਕੌਰ ਮਾਨਸਾ/ਸ਼ਰਮਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਗਸਤ INTERNATIONAL PAPER, 94636 01616 hardipchumber57@gmail.com



ਮਾਨਸਾ 23, ਅਗਸਤ ( ਆਤਮਾ ਸਿੰਘ ਪਮਾਰ)

ਮੁੱਖ ਅਧਿਆਪਕ ਅਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ, ਪੁਰਾਣੀ ਪੈਨਸ਼ਨ ਬਹਾਲੀ ਸੰਗਠਨ ਪੰਜਾਬ, ਅਤੇ ਮਿਡ -ਡੇ -ਮੀਲ ਵਰਕਰਜ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਅਹਿਮ ਮੀਟਿੰਗ ਪੈਨਸ਼ਨਰਜ਼ ਭਵਨ ਮਾਨਸਾ ਵਿਖੇ ਹੋਈ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਅਧਿਆਪਕ ਮਸਲਿਆ ਨੂੰ ਲੈ ਕੇ 13 ਸਤੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕੀਤਾ ਜਾਵੇਗਾ ਉਹਨਾਂ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ ਮਹਿੰਗਾਈ ਭੱਤੇ ਦੀਆਂ ਕਿਸਤਾਂ ਜਾਰੀ ਕਰਨਾ ,ਪੇਂਡੂ ਭੱਤਾ ਬਹਾਲ ਕਰਨਾ, ਏਸੀਪੀ ਸਕੀਮ ਨੂੰ ਮੁੜ ਲਾਗੂ ਕਰਨਾ ਆਦਿ ਵਿੱਤੀ ਮਸਲਿਆ ਨੂੰ ਲੈ ਕੇ ਰੋਸ ਮਾਰਚ ਕੀਤਾ ਜਾਵੇਗਾ।

ਪੁਰਾਣੀ ਪੈਨਸ਼ਨ ਸੰਗਠਨ ਪੰਜਾਬ ਦੇ ਸੂਬਾ ਪ੍ਰਧਾਨ ਹਰਪਾਲ ਕੌਰ ਮਾਨਸਾ ਨੇ ਕਿਹਾ ਕਿ ਪੈਨਸ਼ਨ ਹਰ ਇੱਕ ਮੁਲਾਜ਼ਮ ਲਈ ਬਹੁਤ ਅਹਿਮ ਹੈ । ਉਹਨਾਂ ਕਿਹਾ ਕਿ ਜੇਕਰ ਸਰਕਾਰ ਪੈਨਸ਼ਨ ਦਾ ਮਸਲਾ ਹੱਲ ਨਹੀਂ ਕਰਦੀ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨਾਂ ਪੰਜ ਬਲਾਕਾਂ ਦੀਆਂ ਕਮੇਟੀਆਂ ਦਾ ਗਠਨ ਕਰਨ ਸਬੰਧੀ ਵੀ ਸਥਾਨਕ ਆਗੂਆਂ ਦੀ ਅੱਜ ਜਿੰਮੇਵਾਰੀ ਲਗਾਈ।

ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਅਜੈਬ ਸਿੰਘ ਭੁਪਾਲ ਨੇ ਕਿਹਾ ਕਿ ਜੱਥੇਬੰਦਕ ਲੜਾਈਆਂ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਹਮੇਸ਼ਾ ਹੀ ਜਥੇਬੰਦੀਆਂ ਦਾ ਸਾਥ ਦਿੰਦੀ ਹੈ ਅਤੇ ਭਵਿੱਖ ‘ਚ ਵੀ ਅਜਿਹਾ ਸਮਰਥਨ ਜਾਰੀ ਰਹੇਗਾ। ਉਨਾਂ ਅਧਿਆਪਕਾਂ ਨੂੰ ਆਪਣੀ ਇਸ ਅਹਿਮ ਮੰਗ ਇਕਮੁੱਠਤਾ ਦਾ ਪ੍ਰਗਟਾਵਾ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਬਲਜਿੰਦਰ ਸਿੰਘ ਕਣਕਵਾਲ ਚਹਿਲਾ, ਰੰਗੀ ਰਾਮ ਕੋਟਲੀ, ਜਗਮੋਹਨ ਸਿੰਘ ਧਾਲੀਵਾਲ ,ਬਚਿੱਤਰ ਝੁਨੀਰ, ਭਾਰਤ ਭੂਸ਼ਣ ਮਾਨਸਾ, ਅਸ਼ਵਿੰਦਰ ਸਿੰਘ ਮਾਨਸਾ, ਮਿਡ-ਡੇ -ਮੀਲ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਕੌਰ ਮਾਨਸਾ, ਜਸਪ੍ਰੀਤ ਕੌਰ ਬੁਢਲਾਡਾ ਆਦਿ ਆਗੂ ਵੀ ਹਾਜਰ ਸਨ।

# ਕਲਾ ਪਰਿਸ਼ਦ ਵੱਲੋਂ ਕੀਤਾ ਜਾਵੇਗਾ ਦਸ ਕਿਤਾਬਾਂ ਦਾ ਲੋਕ-ਅਰਪਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਗਸਤ INTERNATIONAL PAPER, 94636 01616 hardipchumber57@gmail.com




ਮਾਨਸਾ ਡਾ ਸੰਦੀਪ ਘੰਡ

ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਵੱਲੋਂ ਸਤਲੁਜ ਪ੍ਰਕਾਸ਼ਨ, ਪੰਚਕੂਲਾ ਦੇ ਸਹਿਯੋਗ ਨਾਲ ਨਵ-ਪ੍ਰਕਾਸ਼ਿਤ 10 ਕਿਤਾਬਾਂ ਦੇ ਸੈੱਟ ਦਾ ਲੋਕ-ਅਰਪਣ ਸਮਾਰੋਹ 27 ਅਗਸਤ 2025 ਨੂੰ ਸਵੇਰੇ 10.30 ਵਜੇ ਕਲਾ ਭਵਨ, ਸੈਕਟਰ 16,ਚੰਡੀਗੜ੍ਹ ਵਿਖੇ ਕਰਵਾਇਆ ਜਾਵੇਗਾ। ਪੇਂਡੂ ਵਿਕਾਸ ਅਤੇ ਪੰਚਾਇਤ, ਸੈਰ-ਸਪਾਟਾ, ਸੱਭਿਆਚਾਰਕ ਮਾਮਲੇ ਅਤੇ ਪਰਹੁਣਚਾਰੀ, ਕਿਰਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਇਸ ਸਮਾਗਮ ਦੀ ਪ੍ਰਧਾਨਗੀ, ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਕਰਨਗੇ।

ਲੋਕ-ਅਰਪਣ ਕੀਤੀਆਂ ਜਾਣ ਵਾਲੀਆਂ ਕਿਤਾਬਾਂ ‘ਮਰਟੀਰਡਮ ਦੈਟ ਬਰਥਡ ਦਾ ਫਿਊਚਰ’, ਗੁਰੂ ਤੇਗ ਬਹਾਦੁਰ ਐਂਡ ਦਾ ਪੋਸਟਹਿਊਮਨ ਰੈਵੂਲੇਸ਼ਨ,ਲੇਖਕ: ਅਮਰਜੀਤ ਸਿੰਘ ਗਰੇਵਾਲ, ‘ਪੰਜਾਬ ਇਕੋਨਾਮੀ ਪਰਸਪੈਕਟਿਵਸ ਐਂਡ ਪਾਥਵੇਜ਼’, ਲੇਖਕ: ਰਣਜੀਤ ਸਿੰਘ ਘੁੰਮਨ, ‘ਨਾਰਿ ਸਬਾਈ’,ਸੰਪਾਦਨ: ਡਾ. ਅਕਾਲ ਅੰਮ੍ਰਿਤ ਕੌਰ, ‘ਆਪਣਾ ਮੂਲ ਪਛਾਣੁ’,ਸੰਪਾਦਕ: ਡਾ. ਪ੍ਰਵੀਨ ਕੁਮਾਰ, ‘ਪਰਵਾਸ ਚਿੰਤਨ ਅਤੇ ਚੇਤਨਾ’, ਸੰਪਾਦਕ: ਡਾ. ਅਕਾਲ ਅੰਮ੍ਰਿਤ ਕੌਰ ਅਤੇ ਡਾ. ਅਮਰਜੀਤ ਸਿੰਘ, ‘ਦਲਿਤ ਚਿੰਤਨ ਅਤੇ ਚੇਤਨਾ’,ਸੰਪਾਦਕ: ਡਾ. ਅਮਰਜੀਤ ਸਿੰਘ ਅਤੇ ਡਾ. ਹਰਪ੍ਰੀਤ ਸਿੰਘ, ‘ਸਵਰਨਜੀਤ ਸਵੀ ਕਾਵਿ ਦੇ ਨਵੇਂ ਆਯਾਮ ਇਤਿਹਾਸ, ਦਰਸ਼ਨ ਅਤੇ ਏ. ਆਈ’, ਸੰਪਾਦਕ: ਡਾ. ਅਕਾਲ ਅੰਮ੍ਰਿਤ ਕੌਰ, ‘ਨਵ ਕਾਵਿ-ਸਿਰਜਣਾ, ਚਿੰਤਨ ਅਤੇ ਸੰਵਾਦ’, ਲੇਖਕ ਅਤੇ ਸੰਪਾਦਕ: ਡਾ. ਹਰਪ੍ਰੀਤ ਸਿੰਘ, ‘ਨੌਜਵਾਨੀ ਦਾ ਆਤਮ ਪ੍ਰਗਾਸ’, ਸੰਪਾਦਕ: ਡਾ. ਅਮਰਜੀਤ ਸਿੰਘ, ‘ਸਵਰਨਜੀਤ ਸਵੀ-ਕਾਵਿ ਅੰਤਰ-ਸੰਵਾਦ’(ਸਾਹਿਤਕ ਵਿਸ਼ਲੇਸ਼ਣ)- ਅਤੈ ਸਿੰਘ ਸ਼ਾਮਲ ਹਨ।

ਇਸ ਸਮਾਰੋਹ ਦੇ ਬੁਲਾਰੇ ਹੋਣਗੇ ਡਾ. ਬਲਕਾਰ ਸਿੰਘ, ਡਾ. ਯੋਗਰਾਜ, ਡਾ. ਸੁਖਪਾਲ ਸਿੰਘ, ਡਾ. ਮਨਮੋਹਨ, ਡਾ. ਰੌਣਕੀ ਰਾਮ, ਡਾ. ਪ੍ਰਵੀਨ ਕੁਮਾਰ, ਡਾ. ਆਤਮ ਰੰਧਾਵਾ, ਡਾ. ਜਸ਼ਨਪ੍ਰੀਤ, ਡਾ. ਹਰਪ੍ਰੀਤ ਸਿੰਘ, ਡਾ. ਅਮਰਜੀਤ ਸਿੰਘ, ਡਾ. ਤੇਜਿੰਦਰ ਸਿੰਘ,

ਇਸ ਪ੍ਰਾਜੈਕਟ ਦੀ ਜਾਣ-ਪਛਾਣ ਸ. ਅਮਰਜੀਤ ਸਿੰਘ ਗਰੇਵਾਲ ਅਤੇ ਧੰਨਵਾਦ ਡਾ. ਯੋਗ ਰਾਜ ਵੱਲੋਂ ਕੀਤਾ ਜਾਵੇਗਾ। ਇਸ ਸਮਾਰੋਹ ਦਾ ਮੰਚ ਸੰਚਾਲਨ ਜਗਦੀਪ ਸਿੱਧੂ ਵੱਲੋਂ ਕੀਤਾ ਜਾਵੇਗਾ। ਕੋਆਰਡੀਨੇਟਰ ਪ੍ਰੋ. ਨਿਰਮਲ ਜੌੜਾ, ਰਾਜਵਿੰਦਰ ਸਮਰਾਲਾ, ਡਾ. ਅਮਰਜੀਤ ਸਿੰਘ ਅਤੇ ਪ੍ਰੀਤਮ ਸਿੰਘ ਰੁਪਾਲ ਹੋਣਗੇ।

ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਚੇਅਰਮੈਨ ਸਵਰਨਜੀਤ ਸਵੀ ਹੋਰਾਂ ਨੇ ਪ੍ਰਕਾਸ਼ਿਤ ਪੁਸਤਕਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਕਿਹਾ ਕਿ ‘ਪੰਜਾਬ ਨਵ-ਸਿਰਜਣਾ’ ਤਹਿਤ ਪਿੱਛਲੇ ਅਰਸੇ ਵਿਚ ਪੰਜਾਬ ਭਰ ਵਿਚ ਸੈਮੀਨਾਰ, ਕਵੀ ਦਰਬਾਰ ਜਾਂ ਹੋਰ ਕੋਮਲ ਕਲਾਵਾਂ ਨਾਲ ਸੰਬੰਧਿਤ ਸਮਾਗਮ ਕਰਵਾਏ ਗਏ ਹਨ, ਇਹ ਕਿਤਾਬਾਂ ਉਹਨਾਂ ਕਾਰਗੁਜਾਰੀਆਂ ਦਾ ਦਸਤਾਵੇਜ਼ ਹਨ। ਉਹਨਾਂ ਅਗਾਂਹ ਜੋੜਿਆ ਕਿ ਇਹਨਾਂ ਕਿਤਾਬਾਂ ਵਿਚ ਦਲਿਤਾਂ, ਔਰਤਾਂ ਅਤੇ ਦੋ ਕਿਤਾਬਾਂ ਨੌਜਵਾਨਾਂ ਬਾਰੇ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਇਕ ਵਿਚ ਉਹਨਾਂ ਦੇ ਕਲਾਮ ਦਾ ਸੰਗ੍ਰਹਿ ਅਤੇ ਦੂਜੀ ਵਿਚ ਆਲੋਚਨਾ ਹੈ। ਉਹਨਾਂ ਖੁਸ਼ੀ ਜ਼ਾਹਰ ਕੀਤੀ ਕਿ ਆਲੋਚਕਾਂ ਵੱਲੋਂ ਉਹਨਾਂ ਦੇ ਸਾਹਿਤ ਅਕਾਦਮੀ ਸਨਮਾਨ ਨੂੰ ਦੇਖਦੇ ਹੋਏ, ਉਹਨਾਂ ਦੀ ਕਵਿਤਾ ਬਾਰੇ ਵੀ ਦੋ ਕਿਤਾਬਾਂ ਲਿਖੀਆਂ ਨੇ। ਉਹਨਾਂ ਨੇ ਸਾਰੇ ਲੇਖਕਾਂ, ਪਾਠਕਾਂ ਤੇ ਹੋਰ ਸਾਹਿਤਕ ਸੰਸਥਾਵਾਂ ਨੂੰ ਇਸ ਇਤਿਹਾਸਕ ਸਮਾਗਮ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

# ਬੱਚਿਆਂ ਨੂੰ ਵੀ ਸਿਖਾਇਆ ਜਾ ਰਿਹਾ CPR BLS.

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਅਗਸਤ INTERNATIONAL PAPER, 94636 01616 hardipchumber57@gmail.com




ਪਟਿਆਲਾ

ਛੋਟੇ ਛੋਟੇ ਬੱਚਿਆਂ, ਨੋਜਵਾਨਾਂ ਅਤੇ ਨਾਗਰਿਕਾਂ ਨੂੰ ਹਾਦਸੇ ਘਟਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਸਿਖਿਅਤ ਕਰਕੇ ਉਨ੍ਹਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਉਣ ਲਈ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਰੈੱਡ ਕਰਾਸ ਤੋਂ ਸੇਵਾ ਮੁਕਤ ਹੋਕੇ ਵੀ, ਪਿਛਲੇ 13 ਸਾਲਾਂ ਤੋਂ ਸਿਖਿਆ ਸੰਸਥਾਵਾਂ, ਪੁਲਿਸ, ਫੈਕਟਰੀਆਂ ਅਦਾਰਿਆਂ ਵਿਖੇ ਜਾਕੇ ਮੁਫ਼ਤ ਵਿੱਚ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ, ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ ਅਤੇ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਵਲੋਂ ਬੱਚਿਆਂ ਨੋਜਵਾਨਾਂ ਨੂੰ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ, ਮੁਢਲੀ ਸਹਾਇਤਾ, ਫਾਇਰ ਸੇਫਟੀ, ਅੱਗਾਂ ਗੈਸਾਂ ਬਿਜਲੀ ਪੈਟਰੋਲੀਅਮ ਘਟਨਾਵਾਂ ਸਮੇਂ ਆਪਣੇ ਬਚਾਅ, ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀ ਟ੍ਰੇਨਿੰਗ ਦੇਕੇ, ਮੁਕਾਬਲੇ ਕਰਵਾਕੇ ਆਪਣੇ ਵਲੋਂ ਜੈਤੂ ਵਿਦਿਆਰਥੀਆਂ ਨੂੰ ਮੈਡਲ ਦੇਕੇ ਉਤਸ਼ਾਹਿਤ ਕੀਤਾ ਜਾਂਦਾ ਹੈ। ਟ੍ਰੇਨਿੰਗ ਲੈਣ ਵਾਲੇ ਵਿਦਿਆਰਥੀਆਂ ਵਲੋਂ ਆਪਣੇ ਮਾਪਿਆਂ ਨੂੰ ਵੀ ਸਿਖਾਇਆ ਜਾਂਦਾ ਕਿ ਘਰਾਂ, ਗੱਡੀਆਂ, ਕੰਮ ਵਾਲੀਆਂ ਥਾਵਾਂ ਤੇ ਦੁਰਘਟਨਾਵਾਂ ਘਟਾਉਣ ਅਤੇ ਬੇਹੋਸ਼, ਦਿਲ ਦੇ ਦੌਰੇ ਕਾਰਡੀਅਕ ਅਰੈਸਟ, ਸਿਰ ਦੀ ਅੰਦਰੂਨੀ ਸੱਟਾਂ, ਖ਼ੂਨ ਵਗਣ ਸਮੇਂ ਮੌਕੇ ਤੇ ਠੀਕ ਫਸਟ ਏਡ, ਸੀ ਪੀ ਆਰ, ਰਿਕਵਰੀ ਜਾਂ ਵੈਟੀਲੈਟਰ ਪੁਜੀਸ਼ਨ ਕਰਕੇ, ਪੀੜਤਾਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਹੈ। ਸ਼੍ਰੀ ਰਾਮ ਆਰੀਆਂ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀ ਪ੍ਰਦੀਪ ਬਾਂਸਲ ਅਤੇ ਕੌਆਰਡੀਨੇਟਰ ਗਿੱਤਕਾ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀ ਟ੍ਰੇਨਿੰਗ ਕਰਵਾਉਣ ਲਈ ਕੇਵਲ ਸ਼੍ਰੀ ਕਾਕਾ ਰਾਮ ਵਰਮਾ ਜੀ ਵਲੋਂ ਹੀ ਜ਼ੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਜੀ ਵਲੋਂ ਵੀ ਹਾਦਸਿਆਂ ਦੌਰਾਨ ਕੀਮਤੀ ਜਾਨਾਂ ਬਚਾਉਣ ਲਈ ਹਰੇਕ ਵਿਦਿਆਰਥੀ, ਅਧਿਆਪਕ, ਨਾਗਰਿਕ, ਖਿਡਾਰੀਆਂ ਕੋਚ ਸਾਹਿਬਾਨਾਂ ਅਤੇ ਕਰਮਚਾਰੀ ਨੂੰ ਟ੍ਰੇਨਿੰਗ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

"Equality and justice"
Patiala 23 August
INTERNATIONAL PAPER, 94636 01616
hardipchumber57@gmail.com

# ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜ੍ਹਚਿਰੋਲੀ:

## ਸੁੰਗੜਦਾ ਮਾਓਵਾਦ, ਵਧਦੀ ਮਾਈਨਿੰਗ

-ਭਾਗ ਦੂਜਾ-

-ਸੰਤੋਸ਼ੀ ਮਰਕਾਮ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

